Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post
Vol 18 *Issue 160 Wednesday, August 21, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Royal Canadian Realty Brokerage
Hardeep Sivia BROKER 647-970-7374
www.HardeepSivia.com

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਸ਼ੀਅਰ ਵੱਲੋਂ ਸੱਤਾ ਵਿੱਚ ਆਉਣ ’ਤੇ ਨਵੇਂ ਮਾਪਿਆਂ ਨੂੰ ਇੰਪਲਾਇਮੈਂਟ ਇੰਸ਼ੋਰੈਂਸ ਟੈਕਸ ਕ੍ਰੈਡਿਟ ਦੇਣ ਦਾ ਵਾਅਦਾ

ਓਟਵਾ, 20 ਅਗਸਤ (ਪੋਸਟ ਬਿਊਰੋ) : ਫੈਡਰਲ ਬੈਨੇਫਿਟਜ਼ ਹਾਸਲ ਕਰਨ ਵਾਲੇ ਨਵੇਂ ਮਾਪਿਆਂ ਨੂੰ ਟੈਕਸ ਕ੍ਰੈਡਿਟ ਦੇਣ ਦਾ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੱਲੋਂ ਵਾਅਦਾ ਕੀਤਾ ਜਾ ਰਿਹਾ ਹੈ।



ਸ਼ੀਅਰ ਇੱਕ ਵਾਰੀ ਮੁੜ ਉਸੇ ਆਈਡੀਆ ਨੂੰ ਦੁਹਰਾ ਰਹੇ ਹਨ ਜਿਹੜਾ ਉਨ੍ਹਾਂ 2018 ਵਿੱਚ ਦਿੱਤਾ ਸੀ। ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਵਿੱਚ ਪਰਿਵਾਰ ਕੰਜ਼ਰਵੇਟਿਵਾਂ ਦਾ ਸਮਰਥਨ ਕਰਨ ਇਸ ਲਈ ਵੀ ਸ਼ੀਅਰ ਵੱਲੋਂ ਇਹ ਆਈਡੀਆ ਦੁਹਰਾਇਆ ਜਾ ਰਿਹਾ ਹੈ। ਸ਼ੀਅਰ ਦਾ ਕਹਿਣਾ ਹੈ ਕਿ ਜੇ ਉਨ੍ਹਾਂ ਦੀ ਸਰਕਾਰ ਸੱਤਾ ਵਿੱਚ ਆਉਂਦੀ ਹੈ ਤਾਂ ਉਹ ਨਵੇਂ ਬਣੇ ਮਾਪਿਆਂ, ਮੈਟਰਨਿਟੀ ਜਾਂ ਪੇਰੈਂਟਲ ਲੀਵ ਉੱਤੇ ਗਏ ਮਾਪਿਆਂ ਲਈ ਇੰਪਲਾਇਮੈਂਟ ਇੰਸ਼ੋਰੈਂਸ ਬੈਨੇਫਿਟਸ ਮੁਹੱਈਆ ਕਰਵਾਉਣਗੇ। ਸ਼ੀਅਰ ਵੱਲੋਂ ਇਹ ਪ੍ਰਸਤਾਵ ਵੀ ਦਿੱਤਾ ਜਾ ਰਿਹਾ ਹੈ ਕਿ ਨਵੇਂ ਮਾਪੇ ਭਾਵੇਂ ਜਿੰਨਾਂ ਮਰਜ਼ੀ ਕਮਾਉਂਦੇ ਹੋਣ ਉਨ੍ਹਾਂ ਨੂੰ ਛੁੱਟੀ ਉੱਤੇ ਰਹਿੰਦਿਆਂ 15 ਫੀ ਸਦੀ ਨੌਨ ਰਿਫੰਡੇਬਲ ਟੈਕਸ ਕ੍ਰੈਡਿਟ ਮਿਲੇਗਾ। ਜ਼ਿਕਰਯੋਗ ਹੈ ਕਿ ਪਾਰਲੀਆਮੈਂਟਰੀ ਬਜਟ ਆਫੀਸਰ ਨੇ ਮਈ 2018 ਵਿੱਚ ਇਹ ਹਿਸਾਬ ਲਾਇਆ ਸੀ ਕਿ ਸ਼ੀਅਰ ਦੀ ਇਸ ਯੋਜਨਾ ਦੇ ਲਾਗੂ ਹੋਣ ਨਾਲ ਫੈਡਰਲ ਖਜ਼ਾਨੇ ਉੱਤੇ ਪਹਿਲੇ ਸਾਲ ਹੀ 600 ਮਿਲੀਅਨ ਡਾਲਰ ਦਾ ਬੋਝ ਪਵੇਗਾ।

ਇਸ ਤੋਂ ਇਲਾਵਾ ਪਰਿਵਾਰਾਂ ਵੱਲੋਂ ਅਣਵਰਤੇ ਕ੍ਰੈਡਿਟਸ ਨੂੰ ਅਗਾਂਹ ਜਾਰੀ ਰੱਖਣ ਦੇਣ ਨਾਲ ਆਉਣ ਵਾਲੇ ਸਾਲਾਂ ਵਿੱਚ ਸਰਕਾਰੀ ਖਜ਼ਾਨੇ ਉੱਤੇ 261 ਮਿਲੀਅਨ ਡਾਲਰ ਦਾ ਹੋਰ ਬੋਝ ਪਵੇਗਾ।

## ਐਸਐਨਸੀ-ਲਾਵਾਲਿਨ ਮਾਮਲੇ ਦੀ ਹੋਰ ਪੁਣ-ਛਾਣ ਕੀਤੀ ਜਾਵੇ ਜਾਂ ਨਾ, ਬਾਰੇ ਫੈਸਲਾ ਕਰੇਗੀ ਐਥਿਕਸ ਕਮੇਟੀ

ਓਟਵਾ, 20 ਅਗਸਤ (ਪੋਸਟ ਬਿਊਰੋ) : ਐਸਐਨਸੀ-ਲਾਵਾਲਿਨ ਮਾਮਲੇ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਿਸ ਤਰ੍ਹਾਂ ਹੈਂਡਲ ਕੀਤਾ ਗਿਆ ਇਸ ਬਾਰੇ ਫੈਡਰਲ ਐਥਿਕਸ ਵਾਚਡੌਗ ਵੱਲੋਂ ਜਨਤਕ ਤੌਰ ਉੱਤੇ ਆਪਣੀ ਰਿਪੋਰਟ ਦੀ ਚਰਚਾ ਕੀਤੀ ਜਾਵੇਗੀ ਜਾਂ ਨਹੀਂ ਇਸ ਦਾ ਫੈਸਲਾ ਛੇ ਲਿਬਰਲ ਐਮਪੀਜ਼ ਕਰਨਗੇ।



ਕੰਜ਼ਰਵੇਟਿਵਜ਼ ਤੇ ਨਿਊ ਡੈਮੋਕ੍ਰੈਟਸ ਵੱਲੋਂ ਹਾਊਸ ਆਫ ਕਾਮਨਜ਼ ਦੀ ਐਥਿਕਸ ਕਮੇਟੀ ਦੀ ਹੰਗਾਮੀ ਮੀਟਿੰਗ ਲਈ ਜਿਹੜਾ ਦਬਾਅ ਪਾਇਆ ਗਿਆ ਸੀ ਉਸ ਤਹਿਤ ਇਹ ਮੀਟਿੰਗ ਬੁੱਧਵਾਰ ਨੂੰ ਓਟਵਾ ਵਿੱਚ ਹੋਣ ਜਾ ਰਹੀ ਹੈ। ਇਸ ਮੀਟਿੰਗ ਵਿੱਚ ਐਮਪੀਜ਼ ਇਸ ਗੱਲ ਉੱਤੇ ਬਹਿਸ ਕਰਨਗੇ ਕਿ ਕੀ ਉਹ ਐਥਿਕਸ ਕਮਿਸ਼ਨਰ ਮਾਰੀਓ ਡਿਓਨ ਨੂੰ ਇਸ ਮਾਮਲੇ ਦੀ ਗਵਾਹੀ ਲਈ ਸੱਦਾ ਦੇ ਕੇ ਇਸ ਦੀ ਹੋਰ ਤਹਿ ਤੱਕ ਜਾਣਾ ਚਾਹੁਣਗੇ।

ਐਨਡੀਪੀ ਐਮਪੀ ਚਾਰਲੀ ਐਂਗਸ ਨੇ ਆਖਿਆ ਕਿ ਹੁਣ ਸਾਡੇ ਕੋਲ ਸਾਰੇ ਤੱਥ ਮੌਜੂਦ ਹਨ। ਇਨ੍ਹਾਂ ਤੱਥਾਂ ਨੂੰ ਖੋਜਣ ਵਾਲੇ ਵਿਅਕਤੀ ਕੋਲੋਂ ਹੁਣ ਸਾਨੂੰ ਸਾਰੀ ਗੱਲ ਪਤਾ ਕਰ ਲੈਣੀ ਚਾਹੀਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਇਸ 10 ਮੈਂਬਰੀ ਕਮੇਟੀ ਵਿੱਚ ਲਿਬਰਲਾਂ ਦਾ ਦਬਦਬਾ ਹੈ। ਡਿਓਨ ਨੂੰ ਗਵਾਹੀ ਦੇਣ ਲਈ ਸੱਦਣ ਦਾ ਭਾਵ ਹੋਵੇਗਾ ਕਿ 21 ਅਕਤੂਬਰ ਨੂੰ ਹੋਣ ਜਾ ਰਹੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਇੱਕ ਵਾਰੀ ਫਿਰ ਐਸਐਨਸੀ-ਲਾਵਾਲਿਨ ਵਿਵਾਦ ਨੂੰ ਹਵਾ ਦੇਣਾ।

ਮੰਗਲਵਾਰ ਦੁਪਹਿਰ ਤੱਕ ਕਮੇਟੀ ਦੇ ਛੇ ਲਿਬਰਲ ਮੈਂਬਰਾਂ ਵਿੱਚੋਂ ਕੋਈ ਵੀ ਇਸ ਮਾਮਲੇ ਉੱਤੇ ਟਿੱਪਣੀ ਕਰਨ ਲਈ ਤਿਆਰ ਨਹੀਂ ਸੀ। ...ਬਾਕੀ ਪੰਨਾ 3 ’ਤੇ

## ਪਾਬੰਦੀਸ਼ੁਦਾ ਰਹੀ ਮਿਜ਼ਾਈਲ ਦਾ ਅਮਰੀਕਾ ਨੇ ਕੀਤਾ ਪ੍ਰੀਖਣ



ਵਾਸ਼ਿੰਗਟਨ, 20 ਅਗਸਤ (ਪੋਸਟ ਬਿਊਰੋ) : ਪਿਛਲੇ 30 ਸਾਲਾਂ ਤੋਂ ਜਿਸ ਕਿਸਮ ਦੀ ਮਿਜ਼ਾਈਲ ਦਾ ਪ੍ਰੀਖਣ ਕਰਨ ਉੱਤੇ ਪਾਬੰਦੀ ਲੱਗੀ ਹੋਈ ਸੀ ਆਖਿਰਕਾਰ ਅਮਰੀਕਾ ਨੇ ਉਹ ਪ੍ਰੀਖਣ ਕਰ ਲਿਆ। ਜ਼ਿਕਰਯੋਗ ਹੈ ਕਿ ਇਸ ਮਹੀਨੇ ਅਮਰੀਕਾ ਤੇ ਰੂਸ ਦੋਵਾਂ ਨੇ ਅਜਿਹੀ ਸੰਧੀ ਨੂੰ ਖ਼ਤਮ ਕਰ ਦਿੱਤਾ ਜਿਹੜੀ ਇਹੋ ਜਿਹੇ ਹਥਿਆਰਾਂ ਦੇ ਪ੍ਰੀਖਣ ਉੱਤੇ ਰੋਕ ਲਾਉਣ ਲਈ 30 ਸਾਲ ਪਹਿਲਾਂ ਕੀਤੀ ਹੋਈ ਸੀ। ਇਹ ਜਾਣਕਾਰੀ ਪੈਂਟਾਗਨ ਨੇ ਦਿੱਤੀ।

ਐਤਵਾਰ ਨੂੰ ਕੈਲੇਫੋਰਨੀਆ ਦੇ ਤੱਟ ਉੱਤੇ ਕੀਤੇ ਗਏ ਇਸ ਪ੍ਰੀਖਣ ਤੋਂ ਬਾਅਦ ਹਥਿਆਰਾਂ ਦੀ ਦੌੜ ਮੁੜ ਸ਼ੁਰੂ ਹੋਣ ਦੀ ਸੰਭਾਵਨਾ ਵੱਧ ਗਈ ਹੈ ਜਿਸ ਕਾਰਨ ਵਿਸ਼ਲੇਸ਼ਕ ਚਿੰਤਤ ਹਨ ਕਿ ਇੱਕ ਵਾਰੀ ਫਿਰ ਰੂਸ ਤੇ ਅਮਰੀਕਾ ਦਰਮਿਆਨ ਤਣਾਅ ਵੱਧ ਜਾਵੇਗਾ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਫਾਇਦੇਮੰਦ ਹਥਿਆਰ ਨਿਯੰਤਰਣ ਵਿੱਚ ਦਿਲਚਸਪੀ ਲੈਂਦੇ ਰਹਿਣਗੇ ਪਰ ਉਨ੍ਹਾਂ ਸਵਾਲ ਕੀਤਾ ਕਿ ਸੰਧੀ ਵਿਚਲੀ ਵਚਨਬੱਧਤਾ ਨੂੰ ਨਿਭਾਉਣ ਦੀ ਇੱਛਾ ਨੂੰ ਕਾਇਮ ਰੱਖਣ ਵਿੱਚ ਮਾਸਕੋ ਕਿੰਨੀ ਕੁ ਰੂਚੀ ਵਿਖਾ ਰਿਹਾ ਹੈ।

ਪੈਂਟਾਗਨ ਨੇ ਆਖਿਆ ਕਿ ਉਨ੍ਹਾਂ ਵੱਲੋਂ ਨੇਵੀ ਟੌਮਹਾਕ ਕਰੂਜ਼ ਮਿਜ਼ਾਈਲ ਦਾ ਸੋਧਿਆ ਹੋਇਆ ਜ਼ਮੀਨ ਤੋਂ ਲਾਂਚ ਕੀਤੇ ਜਾਣ ਵਾਲੇ ਵਰਜ਼ਨ ਦਾ ਪ੍ਰੀਖਣ ਕੀਤਾ ਗਿਆ ਹੈ। ਇਸ ਨੂੰ ਸੈਨ ਨਿਕੋਲਸ ਆਈਲੈਂਡ ਤੋਂ ਲਾਂਚ ਕੀਤਾ ਗਿਆ ਤੇ 500 ਕਿਲੋਮੀਟਰ ਤੱਕ ਉਡਾਣ ਭਰਨ ਤੋਂ ਬਾਅਦ ਇਹ ਸਿੱਧਾ ਆਪਣੇ ਨਿਸ਼ਾਨੇ ਉੱਤੇ ਜਾ ਟਕਰਾਇਆ। ਇਹ ਮਿਜ਼ਾਈਲ ਪ੍ਰਮਾਣੂ ਨਹੀਂ ਸਗੋਂ ਰਵਾਇਤੀ ਹਥਿਆਰਾਂ ਨਾਲ ਲੈਸ ਸੀ।

ਰੱਖਿਆ ਅਧਿਕਾਰੀਆਂ ਨੇ ਪਿਛਲੇ ਸਾਲ ਮਾਰਚ ਵਿੱਚ ਦੱਸਿਆ ਸੀ ਕਿ ਇਸ ਮਿਜ਼ਾਈਲ ਦੀ ਸਮਰੱਥਾ 1000 ਕਿਲੋਮੀਟਰ ਤੱਕ ਮਾਰ ਕਰਨ ਦੀ ਹੈ ਤੇ ਇਹ ਅਗਲੇ 18 ਮਹੀਨਿਆਂ ਵਿੱਚ ਤਾਇਨਾਤ ਕੀਤੇ ਜਾਣ ਲਈ ਤਿਆਰ ਹੋਵੇਗੀ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Brokerage Lic.12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੰਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਦਾਇਤਾਂ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਮਿਲੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**INVISALIGN & BRACES INCLUDING CLEAR BRACES**
*Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ*
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




# APEX

CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi



# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | **647-739-4641**
satsahibusa@gmail.com | **346-714-0224**

# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

## KITCHEN CABINET

Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

**Free Estimate**

100% Satisfaction

We Specialize in granite, quartz & marble countertops







- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**




chatr
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਵਿਚਲੋਗੀ ਕਰਨ ਟਰੰਪ ਨੂੰ ਨਹੀਂ ਦੇਣੀ,
ਕਹਿੰਦੀ ਠੋਕ ਕੇ ਸਾਡੀ ਸਰਕਾਰ ਬੇਲੀ।
ਕਹਿੰਦੀ ਠੋਕ ਕੇ ਜਿੰਦਾਂ ਸਰਕਾਰ ਸਾਡੀ,
ਕਰਨਾ ਲੋਕਾਂ ਨੂੰ ਪੈਂਦਾ ਇਤਬਾਰ ਬੇਲੀ।
ਅਗਲੇ ਦਿਵਸ ਟਰੰਪ ਨਾਲ ਫੋਨ ਉੱਤੇ,
ਕੀਤੀ ਸੁਣਦੀ ਆ ਸੋਚ ਵਿਚਾਰ ਬੇਲੀ।
ਪਿੱਛੋਂ ਇਮਰਾਨ-ਟਰੰਪ ਦੀ ਗੱਲ ਹੁੰਦੀ,
ਹੋਵੇ ਇੱਕੋ ਜਿਹਾ ਦੋਵਾਂ ਦਾ ਸਾਰ ਬੇਲੀ।
ਮੰਨਣ ਬਿਨਾਂ ਵੀ ਕੰਮ ਇਹ ਹੋਈ ਜਾਂਦਾ,
ਮੁੜ-ਮੁੜ ਫੋਨ ਟਰੰਪ ਦਾ ਖੜਕਦਾ ਈ।
ਫਿਲਮਾਂ-ਖੇਡਾਂ ਦੀ ਹੁੰਦੀ ਨਾ ਬਾਤ ਹੋਣੀ,
ਕੋਕੜੂ ਦਾਲ ਅੰਦਰ ਕੋਈ ਰੜਕਦਾ ਈ।

ਤੀਸ ਮਾਰ ਖਾਂ

# ਭਾਖੜਾ ਡੈਮ ਵਿਚ ਪਾਣੀ ਦਾ ਪੱਧਰ ਘਟਣ ਨਾਲ ਪੰਜਾਬ ਵਿਚ ਹੜ੍ਹ ਦੇ ਹਾਲਾਤ ਸੁਧਰੇ

ਨੰਗਲ, 20 ਅਗਸਤ, (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਤੇ ਪੰਜਾਬ ਵਿਚ ਲਗਾਤਾਰ ਪਏ ਭਾਰੀ ਮੀਂਹ ਕਾਰਨ ਭਾਖੜਾ ਡੈਮ ਵਿਚ ਪਾਣੀ ਦਾ ਪੱਧਰ ਵਧ ਗਿਆ ਤਾਂ ਡੈਮ ਦੇ ਫਲੱਡ ਗੇਟ ਖੋਲ੍ਹਣੇ ਪਏ ਸਨ। ਤਾਜ਼ਾ ਸਥਿਤੀ ਇਹ ਹੈ ਕਿ ਭਾਖੜਾ ਦੇ ਹਾਲਾਤ ਵਿਚ ਸੁਧਾਰ ਆਇਆ ਤੇ ਹਿਮਾਚਲ ਪ੍ਰਦੇਸ਼ ਵਿਚ ਮੀਂਹ ਰੁਕਣ ਨਾਲ ਵੱਡੀ ਰਾਹਤ ਮਿਲੀ ਹੈ। ਭਾਖੜਾਡੈਮ ਝੀਲ ਵਿੱਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਇਕ ਫੁੱਟ ਹੇਠਾਂ ਆ ਗਿਆ ਅਤੇ ਏਥੇ ਪਾਣੀ ਦੀ ਆਮਦ ਘਟ ਕੇ 35,000 ਕਿਊਸਿਕ ਰਹਿ ਗਈ ਹੈ, ਜਿਹੜੀ 18 ਅਗਸਤ ਦੀ ਰਾਤ ਅਤੇ 19 ਅਗਸਤ ਦੁਪਹਿਰ ਨੂੰ 3 ਲੱਖ 19 ਹਜ਼ਾਰ ਕਿਊਸਿਕ ਦੇ ਨੇੜੇ-ਤੇੜੇ ਬਣਦੀ ਸੀ। ਝੀਲ ਵਿਚ ਪਾਣੀ ਦਾ ਪੱਧਰ 1681 ਤੋਂ ਘਟ ਕੇ 1679 ਫੁੱਟ ਰਹਿ ਗਿਆ ਹੈ, ਜਿਹੜਾ ਖਤਰੇ ਦੇ ਨਿਸ਼ਾਨ 1680 ਫੁੱਟ ਤੋਂ ਇੱਕ ਫੁੱਟ ਘੱਟ ਹੈ। ਉਂਜ ਅੱਜ ਮੰਗਲਵਾਰ ਨੂੰ ਵੀ 77 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ, ਪਰ ਆਸ ਹੈ ਕਿ ਬੁੱਧਵਾਰ ਤੋਂ ਹਾਲਾਤ ਵਿਚ ਹੋਰ ਸੁਧਾਰ ਆ ਸਕਦਾ ਹੈ।

ਵਰਨਣ ਯੋਗ ਹੈ ਕਿ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿਚ ਵਿਚ ਭਾਰੀ ਮੀਂਹਕਾਰਨ ਭਾਖੜਾ ਡੈਮ ਦਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਉੱਪਰ ਜਾਂਦਾ ਵੇਖ ਕੇ ਫਲੱਡ ਗੇਟ ਖੋਲ੍ਹਣੇ ਪਏ ਅਤੇ ਲੱਗਭਗ 50 ਹਜ਼ਾਰ ਕਿਊਸਿਕ ਪਾਣੀ ਨਹਿਰਾਂ ਅਤੇ ਦਰਿਆਵਾਂ ਵਿਚ ਛੱਡਿਆ ਜਾਣ ਲੱਗਾ ਸੀ। ਇਸਕਾਰਨ ਹੇਠਲੇ ਕਈ ਇਲਾਕਿਆਂ ਦੇ ਪਿੰਡਾਂ ਵਾਲੇ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਅਤੇ ਆਪਣੇ ਘਰ-ਬਾਰ ਛੱਡ ਕੇ ਸੁਰੱਖਿਆ ਥਾਂ ਜਾਣਾ ਪਿਆ ਸੀ।

ਤਾਜ਼ਾ ਹਾਲਾਤ ਦਾ ਅਸਰ ਹੇਠਾਂ ਵੀ ਦਿੱਸਣ ਲੱਗਾ ਹੈ। ਲੁਧਿਆਣਾ ਨੇੜਲੇ ਕਸਬਾ ਲਾਡੋਵਾਲ ਲਾਗੇ ਸਤਲੁਜ ਦਰਿਆ ਵਿਚ ਪਿਛਲੇ ਕਈ ਦਿਨਾਂ ਤੋਂ ਪਾਣੀ ਦਾ ਪੱਧਰ ਵਧਣ ਕਾਰਨ ਆਸ-ਪਾਸ ਰਹਿੰਦੇ ਲੋਕਾਂ ਵਿੱਚ ਡਰ ਦਾ ਮਾਹੌਲ ਸੀ, ਜਿਸ ਕਾਰਨ ਇਨ੍ਹਾਂ ਪਿੰਡਾਂ ਦੇ ਲੋਕ ਆਪਣੇ ਘਰ ਖਾਲੀ ਕਰਕੇ ਬਾਹਰ ਸੁਰੱਖਿਅਤ ਥਾਂ ਚਲੇ ਗਏ ਸਨ, ਪਰ ਅੱਜ ਮੰਗਲਵਾਰ ਨੂੰ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਕਰੀਬ 6 ਫੁੱਟ ਤੋਂਵੱਧਹੇਠਾਂ ਚਲਾਜਾਣ ਕਾਰਨ ਲੋਕਾਂ ਨੂੰ ਥੋੜ੍ਹੀ ਰਾਹਤ ਮਿਲੀ ਤੇ ਜਿਹੜੇ ਲੋਕ ਆਪਣਾ ਘਰ ਛੱਡ ਕੇ ਚਲੇ ਗਏ ਸਨ, ਉਹ ਵਾਪਸ ਆਉਣ ਲੱਗੇ ਹਨ। ਸਤਲੁਜਦੇ ਪਾਣੀ ਦਾ ਪੱਧਰ ਵਧਣ ਕਾਰਨ ਭੋਲੇਵਾਲ ਕਦੀਮ ਵਿਚ ਬੰਨ੍ਹ ਟੁੱਟ ਜਾਣਨਾਲ ਨੇੜਲੇ ਲੋਕਾਂ ਨੂੰ ਫਿਕਰ ਹੋ ਰਹੀ ਸੀ ਕਿ ਕਿਤੇ ਉਨ੍ਹਾਂ ਨਾਲ ਵੀ ਕੋਈ ਮਾਵੀ ਘਟਨਾ ਨਾ ਵਾਪਰ ਜਾਵੇ, ਪਰ ਪਾਣੀ ਦਾ ਪੱਧਰ ਘਟਣ ਨਾਲ ਲੋਕਾਂ ਵਿੱਚ ਖੁਸ਼ੀ ਦੇਖਣ ਨੂੰ ਮਿਲੀ ਹੈ।



ਦੂਸਰੇ ਪਾਸੇ ਫਾਜ਼ਿਲਕਾ ਜ਼ਿਲੇ ਵਿੱਚ ਜਲਾਲਾ-ਬਾਦ ਨੇੜੇ ਭਾਰਤ ਪਾਕਿ ਦੀ ਸਰਹੱਦ ਲਾਗਲੇ ਪਿੰਡ ਢਾਣੀ ਨੱਥਾ ਸਿੰਘ ਕੋਲੋਂ ਲੰਘਦੇ ਸਤੁਲਜ ਦਰਿਆ ਵਿੱਚ ਅੱਜ ਪਾਣੀ ਦਾ ਪੱਧਰ ਹੋਰ ਵਧ ਗਿਆ ਹੈ, ਜਿਸ ਨਾਲ ਢਾਣੀ ਨੱਥਾ ਅਤੇ ਪੰਜ ਹੋਰਨਾਂ ਪਿੰਡਾਂ ਦਾ ਭਾਰਤ ਨਾਲ ਸੰਪਰਕ ਪੂਰੀ ਤਰ੍ਹਾਂ ਟੁੱਟ ਗਿਆ ਤੇ ਪਸ਼ੂ ਚਾਰਾ, ਸਬਜ਼ੀਆਂ, ਕਮਾਦ ਸਭ ਪਾਣੀ ਦੀ ਭੇਂਟ ਚੜ੍ਹ ਚੁੱਕੇ ਹਨ। ਢਾਣੀ ਨੱਥਾ ਸਿੰਘ ਵਾਲੀ ਦੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਜਲਾਲਾਬਾਦ ਦੇ ਐਸ ਡੀ ਐਮ ਕੇਸ਼ਵ ਗੋਇਲ ਦੀ ਅਗਵਾਈ ਹੇਠ ਜ਼ਿਲਾ ਪ੍ਰਸ਼ਾਸ਼ਨ ਦੀਆਂ ਟੀਮਾਂ ਹੜ੍ਹ ਦੀ ਸਥਿਤੀ ਵਾਲੇ ਪਿੰਡਾਂ ਦੇ ਲੋਕਾਂ ਨਾਲ ਲਈਹਰ ਸੰਭਵ ਮਦਦ ਕਰਨ ਦਾ ਯਤਨ ਕਰ ਰਹੀਆਂ ਹਨ।



# ਹੇਟ ਗਰੁੱਪ ਵਿੱਚ ਹਿਸਾ ਲੈਣ ਵਾਲੇ ਕੈਨੇਡੀਅਨ ਫੌਜ ਦੇ ਮੈਂਬਰ ਖਿਲਾਫ ਕਾਰਵਾਈ ਕੀਤੀ ਜਾਵੇਗੀ : ਕਮਾਂਡਰ



ਵਿਨੀਪੈਗ, 20 ਅਗਸਤ (ਪੋਸਟ ਬਿਊਰੋ) : ਕੈਨੇਡੀਅਨ ਫੌਜ ਦੇ ਕਮਾਂਡਰ ਦਾ ਕਹਿਣਾ ਹੈ ਕਿ ਜੇ ਜਾਂਚ ਤੋਂ ਇਹ ਖੁਲਾਸਾ ਹੋ ਜਾਂਦਾ ਹੈ ਕਿ ਮੈਨੀਟੋਬਾ ਵਿੱਚ ਰਿਜ਼ਰਵ ਦੇ ਮੈਂਬਰ ਵੱਲੋਂ ਹੇਟ ਗਰੁੱਪ ਵਿੱਚ ਹਿਸਾ ਲਿਆ ਗਿਆ ਸੀ ਤਾਂ ਫੌਜ ਕਾਰਵਾਈ ਕਰੇਗੀ।

ਮਾਸਟਰ ਕਾਰਪੋਰਲ ਪੈਟ੍ਰਿਕ ਮੈਥਿਊਜ਼, ਜਿਸ ਨੇ 2010 ਵਿੱਚ ਰਿਜ਼ਰਵਜ਼ ਜੁਆਇਨ ਕੀਤਾ, ਵਿਨੀਪੈਗ ਵਿੱਚ 38ਵੇਂ ਕੈਨੇਡੀਅਨ ਬ੍ਰਿੱਜ ਗਰੁੱਪ ਦਾ ਕੌਂਬੈਟ ਇੰਜੀਨੀਅਰ ਹੈ। ਲੈਫਟੀਨੈਂਟ ਜਨਰਲ ਵੇਅਨ ਏਅਰੇ ਨੇ ਓਟਵਾ ਵਿੱਚ ਆਖਿਆ ਕਿ ਉਹ ਕਿਸੇ ਵਿਅਕਤੀ ਵਿਸ਼ੇਸ਼ ਦੇ ਮਾਮਲੇ ਬਾਰੇ ਵਿਚਾਰ ਵਟਾਂਦਰਾ ਨਹੀਂ ਕਰਨਾ ਚਾਹੁੰਦੇ ਪਰ ਉਨ੍ਹਾਂ ਆਖਿਆ ਕਿ ਸਰਵਿਸ ਮੈਂਬਰਜ਼ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਉੱਚ ਪੱਧਰ ਦਾ ਵਿਵਹਾਰ ਕਰਨ।

ਮੰਗਲਵਾਰ ਨੂੰ ਉਨ੍ਹਾਂ ਆਖਿਆ ਕਿ ਜਿਹੜੇ ਅਜਿਹੀਆਂ ਕਦਰਾਂ ਕੀਮਤਾਂ ਦੀ ਪਾਲਣਾ ਨਹੀਂ ਕਰ ਸਕਦੇ, ਜਿਹੜੇ ਅਜਿਹੀਆਂ ਕਦਰਾਂ ਕੀਮਤਾਂ ਦੀ ਰਾਖੀ ਨਹੀਂ ਕਰ ਸਕਦੇ ਉਨ੍ਹਾਂ ਲਈ ਫੌਜ ਵਿੱਚ ਕੋਈ ਥਾਂ ਨਹੀਂ ਹੈ। ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਮੈਥਿਊਜ਼ ਨੂੰ ਕਿਤੇ ਤਾਇਨਾਤ ਨਹੀਂ ਕੀਤਾ ਗਿਆ ਹੈ। ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਮੀਡੀਆ ਕਵਰੇਜ ਤੋਂ ਪਹਿਲਾਂ ਹੀ ਮੈਨੀਟੋਬਾ ਵਿੱਚ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਮੈਂਬਰ ਵੱਲੋਂ ਸੰਭਾਵੀ ਨਸਲੀ ਗਤੀਵਿਧੀਆਂ ਤੋਂ ਫੌਜ ਜਾਣੂ ਸੀ ਤੇ ਇਸ ਮਾਮਲੇ ਦੀ ਫੌਜ ਵੱਲੋਂ ਆਪਣੀ ਪੱਧਰ ਉੱਤੇ ਜਾਂਚ ਵੀ ਕੀਤੀ ਜਾ ਰਹੀ ਹੈ। ਇਸ ਦੌਰਾਨ ਮੈਨੀਟੋਬਾ ਮਾਊਂਟੀਜ਼ ਨੇ ਆਖਿਆ ਕਿ ਉਨ੍ਹਾਂ ਬਿਓਜੋਰ, ਮੈਨੀਟੋਬਾ ਦੇ ਇੱਕ ਘਰ ਦੀ ਸੋਮਵਾਰ ਨੂੰ ਤਲਾਸ਼ੀ ਲਈ ਤੇ ਉੱਥੋਂ ਕੁੱਝ ਹਥਿਆਰ ਵੀ ਬਰਾਮਦ ਕੀਤੇ। ਆਰਸੀਐਮਪੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਜਾਂਚ ਚੱਲ ਰਹੀ ਹੈ ਤੇ ਹਾਲ ਦੀ ਘੜੀ ਕਿਸੇ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ। ਏਅਰੇ ਨੇ ਆਖਿਆ ਕਿ ਇਸ ਤਰ੍ਹਾਂ ਦੀ ਕੁਤਾਹੀ ਕਰਨ ਵਾਲੇ ਕੈਨੇਡੀਅਨ ਫੋਰਸ ਦੇ ਮੈਂਬਰ ਖਿਲਾਫ ਅਨੁਸ਼ਾਸਕੀ ਤੇ ਪ੍ਰਸ਼ਾਸਕੀ ਕਾਰਵਾਈ ਕੀਤੀ ਜਾ ਸਕਦੀ ਹੈ ਫਿਰ ਭਾਵੇਂ ਉਹ ਸੇਵਾ ਵਿੱਚ ਹੋਣ ਜਾਂ ਨਾ ਹੋਣ।

## ਐਸਐਨਸੀ-ਲਾਵਾਲਿਨ ਮਾਮਲੇ ਦੀ ਹੋਰ ਪੁਣ-ਛਾਣ ਕੀਤੀ ਜਾਵੇ ਜਾਂ ਨਾ, ਬਾਰੇ ਫੈਸਲਾ ਕਰੇਗੀ ਐਥਿਕਸ ਕਮੇਟੀ



...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਜਾਰੀ ਕੀਤੀ ਗਈ ਰਿਪੋਰਟ ਵਿੱਚ ਇਹ ਸਪਸ਼ਟ ਕੀਤਾ ਗਿਆ ਕਿ ਟਰੂਡੋ ਨੇ ਮਾਂਟਰੀਅਲ ਦੀ ਇਸ ਇੰਜੀਨੀਅਰਿੰਗ ਕੰਪਨੀ ਖਿਲਾਫ ਜਾਰੀ ਮੁਜਰਮਾਨਾ ਕਾਰਵਾਈ ਨੂੰ ਖਤਮ ਕਰਨ ਲਈ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਉੱਤੇ ਦਬਾਅ ਪਾ ਕੇ ਕਾਨਫਲਿਕਟ ਆਫ ਇੰਟਰਸਟ ਐਕਟ ਦੀ ਉਲੰਘਣਾ ਕੀਤੀ। ਇਸ ਦੇ ਬਾਵਜੂਦ ਟਰੂਡੋ ਇਹੋ ਆਖਦੇ ਆ ਰਹੇ ਹਨ ਕਿ ਉਨ੍ਹਾਂ ਜੋ ਕੁੱਝ ਵੀ ਕੀਤਾ ਉਹ ਕੈਨੇਡੀਅਨਾਂ ਦੇ ਹਿਤਾਂ ਲਈ ਹੀ ਕੀਤਾ ਤੇ ਹੁਣ ਉਹ ਵੋਟਰਾਂ ਨੂੰ ਇਹ ਸਲਾਹ ਦੇ ਰਹੇ ਹਨ ਕਿ ਇਸ ਮੁੱਦੇ ਨੂੰ ਭੁਲਾ ਕੇ ਅੱਗੇ ਵਧਣ। ਇਸ ਦੌਰਾਨ ਕੰਜ਼ਰਵੇਟਿਵ ਐਮਪੀ ਪੀਟਰ ਕੈਂਟ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਉਨ੍ਹਾਂ ਦੇ ਲਿਬਰਲ ਕੁਲੀਗਜ਼ ਡਿਓਨ ਨੂੰ ਆਪਣੀ ਰਿਪੋਰਟ ਬਾਰੇ ਕਮੇਟੀ ਸਾਹਮਣੇ ਪੇਸ਼ ਹੋ ਕੇ ਸਵਾਲਾਂ ਦੇ ਜਵਾਬ ਦੇਣ ਲਈ ਆਖਣਗੇ।

# ਜੀਟੀਏ ਵਿੱਚ ਗੋਲੀ ਚੱਲਣ ਦੀਆਂ ਵਾਪਰੀਆਂ ਵੱਖ ਵੱਖ ਘਟਨਾਵਾਂ 'ਚ ਚਾਰ ਜ਼ਖ਼ਮੀ

ਨੌਰਥ ਯੌਰਕ, 20 ਅਗਸਤ (ਪੋਸਟ ਬਿਊਰੋ) : ਜੀਟੀਏ ਵਿੱਚ ਨੌਰਥ ਯੌਰਕ ਵਿੱਚ ਰਾਤ ਨੂੰ ਹੋਈ ਗੰਨ ਹਿੰਸਾ ਦੇ ਚੱਲਦਿਆਂ 61 ਸਾਲਾ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਐਮਰਜੰਸੀ ਅਮਲੇ ਨੂੰ ਰਾਤੀਂ 11:00 ਵਜੇ ਵੈਸਟਨ ਰੋਡ ਤੇ ਹਾਈਵੇਅ 401 ਉੱਤੇ ਸਥਿਤ ਪਾਰਕਿੰਗ ਵਾਲੀ ਥਾਂ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਚਸ਼ਮਦੀਦਾਂ ਅਨੁਸਾਰ ਜਿਸ ਪਲਾਜ਼ਾ ਵਿੱਚ ਇਹ ਗੋਲੀ ਚੱਲੀ ਉਹ ਗੋਲੀ ਚੱਲਣ ਵਾਲੇ ਸਮੇਂ ਉੱਤੇ ਖਚਾਖਚ ਭਰਿਆ ਹੋਇਆ ਸੀ। ਪੁਲਿਸ ਵੱਲੋਂ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਇਸ ਨੂੰ ਖੋਲ੍ਹ ਦਿੱਤਾ ਗਿਆ।

ਪੁਲਿਸ ਨੇ ਦੱਸਿਆ ਕਿ ਉਹ ਸਿਆਹ ਨਸਲ ਦੇ ਪੁਰਸ਼ ਦੀ ਭਾਲ ਕਰ ਰਹੀ ਹੈ ਜੋ ਆਪਣੇ 20ਵਿਆਂ ਵਿੱਚ ਹੈ। ਇਸ ਗੋਲੀਕਾਂਡ ਸਮੇਂ ਉਸ ਨੇ ਗਲਾਸਿਜ਼ ਪਾਏ ਹੋਏ ਸਨ, ਉਸ ਦੇ ਵਾਲ ਛੋਟੇ ਸਨ ਤੇ ਉਸ ਦੀ ਸ਼ਰਟ ਦੇ ਸਾਹਮਣੇ ਵਾਲੇ ਹਿੱਸੇ ਵਿੱਚ ਵਰਸੇਜ਼ ਲਿਖਿਆ ਹੋਇਆ ਸੀ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਦੇ ਪੈਦਲ ਹੀ ਉੱਤਰ ਵੱਲ ਫਰਾਰ ਹੋਣ ਦੀ ਸੰਭਾਵਨਾ ਹੈ।

ਇਸ ਦੌਰਾਨ ਪੁਲਿਸ ਕਿਪਲਿੰਗ ਐਵਨਿਊ ਤੇ ਮਾਊਂਟ ਓਲਿਵ ਰੋਡ ਏਰੀਆ ਵਿੱਚ ਵਾਪਰੇ ਇੱਕ ਹੋਰ ਗੋਲੀਕਾਂਡ ਦੀ ਜਾਂਚ ਵੀ ਕਰ ਰਹੀ ਹੈ। ਇਹ ਘਟਨਾ ਬੀਤੀ ਰਾਤ 10:45 ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਜ਼ਖ਼ਮੀ ਹੋਏ ਦੋ ਵਿਅਕਤੀ ਆਪ ਹੀ ਹਸਪਤਾਲ ਚਲੇ ਗਏ। ਦੋਵਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਇਸ ਮਾਮਲੇ ਵਿੱਚ ਕਿਸੇ ਮਸ਼ਕੂਕ ਦੀ ਰਿਪੋਰਟ ਵੀ ਪੁਲਿਸ ਨੂੰ ਨਹੀਂ ਲਿਖਵਾਈ ਗਈ ਪਰ ਪੁਲਿਸ ਦਾ ਕਹਿਣਾ ਹੈ ਕਿ ਕੁੱਝ ਵਿਅਕਤੀ ਇਸ ਇਲਾਕੇ ਵਿੱਚੋਂ ਬਚਕੇ ਭੱਜਦੇ ਵੇਖੇ ਗਏ। ਬਰੈਂਪਟਨ ਵਿੱਚ ਗੋਲੀ ਚੱਲਣ ਦੀ ਇੱਕ ਵੱਖਰੀ ਵਾਰਦਾਤ ਵਿੱਚ ਇੱਕ ਹੋਰ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਤੜਕੇ 1:00 ਵਜੇ ਗੋਲੀ ਚੱਲਣ ਦੀ ਆਵਾਜ਼ ਆਉਣ ਤੋਂ ਬਾਅਦ ਮੈਥਿਊ ਹੈਰੀਸਨ ਸਟਰੀਟ ਉੱਤੇ ਪੁਲਿਸ ਨੂੰ ਸੱਦਿਆ ਗਿਆ। ਸਬੰਧਤ ਵਿਅਕਤੀ ਨੂੰ ਟਰੌਮਾ ਸੈਂਟਰ ਦਾਖਲ ਕਰਵਾਇਆ ਗਿਆ ਜਿਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ।



REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਮੋਦੀ ਵੱਲੋਂ ਟਰੰਪ ਨਾਲ ਫੋਨ ਉੱਤੇ ਅੱਧਾ ਘੰਟਾ ਲੰਮੀ ਗੱਲਬਾਤ

*** ਟਰੰਪ ਨੇ ਮੂਡ ਬਦਲਿਆ, ਮੈਂ ਕਰਾਂਗਾ ਕਸ਼ਮੀਰ ਬਾਰੇ ਵਿਚੋਲਗੀ * ਮੋਦੀ ਨੇ ਬਿਨਾਂ ਨਾਂਅ ਲਏ ਪਾਕਿ ਉੱਤੇ ਨਿਸ਼ਾਨਾ ਸੇਧਿਆ**

ਵਾਸ਼ਿੰਗਟਨ, 20 ਅਗਸਤ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਅਤੇ ਪਾਕਿ-ਸਤਾਨ ਵਿਚਾਲੇ ਲੰਬੇ ਸਮੇਂ ਤੋਂਚੱਲ ਰਹੇ ਟਕਰਾਅ ਦਾ ਮੁੱਖ ਮੁੱਦਾ ਰਹੇ ਕਸ਼ਮੀਰ ਦੀ ਵਿਸਫੋਟਕ ਸਥਿਤੀ ਉੱਤੇ ਇਕ ਵਾਰ ਫਿਰ ਵਿਚੋਲਗੀ ਦੀ ਪੇਸ਼ਕਸ਼ ਕਰ ਦਿੱਤੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਗੱਲਬਾਤ ਦੌਰਾਨ ਇਸ ਹਫਤੇ ਦੇ ਅਖੀਰ ਵਿੱਚ ਇਹ ਮੁੱਦਾ ਚੁੱਕਣਗੇ।

ਵਰਨਣ ਯੋਗ ਹੈ ਕਿ ਅਮਰੀਕਾ ਨੇ ਨਰਿੰਦਰ ਮੋਦੀ ਨੂੰ ਕਸ਼ਮੀਰ ਵਿੱਚ ਤਣਾਅ ਘੱਟ ਕਰਨ ਲਈ ਕਦਮ ਚੁੱਕਣ ਦੀ ਅਪੀਲ ਕੀਤੀ ਸੀ।ਇਸ ਬਾਰੇ ਪੁੱਛੇ ਜਾਣ ਉੱਤੇ ਟਰੰਪ ਨੇ ਪੱਤਰਕਾਰਾਂ ਨੂੰ ਕਿਹਾ ਕਿ ਕਸ਼ਮੀਰ ਬੜੀ ਤਣਾਅਪੂਰਨ ਥਾਂ ਹੈ। ਇਥੇ ਹਿੰਦੂ ਹਨ ਅਤੇ ਮੁਸਲਮਾਨ ਵੀ ਅਤੇ ਮੈਂ ਨਹੀਂ ਕਹਾਂਗਾ ਕਿ ਉਨ੍ਹਾਂ ਵਿਚਾਲੇ ਕਾਫੀ ਮੇਲ-ਜੋਲ ਹੈ। ਟਰੰਪ ਨੇ ਕਿਹਾ ਕਿ ਵਿਚੋਲਗੀ ਲਈ ਜੋ ਵੀ ਬਿਹਤਰ ਹੋ ਸਕੇਗਾ, ਮੈਂ ਕਰਾਂਗਾ।

ਪਿਛਲੇ ਦਿਨੀਂ ਅਮਰੀਕਾ ਦੌਰੇ ਉੱਤੇ ਆਏ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਮੁਲਾਕਾਤ ਦੌਰਾਨ ਡੋਨਾਲਡ ਟਰੰਪ ਨੇ ਇਹ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਕਸ਼ਮੀਰ ਮੁੱਦੇ ਉੱਤੇਭਾਰਤ-ਪਾਕਿ ਦੇ ਦਰਮਿਆਨ ਵਿਚੋਲਗੀ ਕਰਨ ਲਈ ਕਿਹਾ ਸੀ। ਭਾਰਤ ਨੇ ਉਸ ਤੋਂ ਬਾਅਦ ਇਹ ਸਾਫ ਕਰ ਦਿੱਤਾ ਸੀ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੋਨ-ਾਲਡ ਟਰੰਪ ਨੂੰ ਅਜਿਹੀ ਕੋਈ ਪੇਸ਼ਕਸ਼ ਕਦੇਨਹੀਂ ਸੀ ਕੀਤੀ।



ਸਥਿਤੀ ਵਿੱਚ ਕੁਝ ਨਵਾਂ ਮੋੜ ਆਇਆ ਹੈ। ਜਦੋਂ ਜੰਮੂ-ਕਸ਼ਮੀਰ ਮੁੱਦੇ ਬਾਰੇ ਪਿਛਲੇ ਕੁਝ ਦਿਨਾਂਤੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਬਣਿਆ ਹੋਇਆ ਹੈ, ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਨੇ ਕੱਲ੍ਹ ਸੋਮਵਾਰ ਫਿਰ ਟੈਲੀਫੋਨ ਉੱਤੇ ਗੱਲਬਾਤ ਕੀਤੀ ਸੀ। ਪਤਾ ਲੱਗਾ ਹੈ ਕਿ ਇਸ ਮੌਕੇ ਨਰਿੰਦਰ ਮੋਦੀ ਨੇ ਟਰੰਪ ਦੇ ਨਾਲ ਗੱਲਬਾਤ ਵਿੱਚ ਇੱਕ ਵਾਰ ਫਿਰ ਕਿਹਾ ਕਿ ਸਰਹੱਦ ਪਾਰੋਂਅੱਤਵਾਦ ਨੂੰ ਰੋਕਣਾ ਜ਼ਰੂਰੀ ਹੈ, ਕਿਉਂਕਿ ਇਸਉੱਤੇ ਰੋਕ ਨਾ ਲਾਈ ਤਾਂ ਬਹੁਤ ਖਤਰਨਾਕ ਸਾਬਤ ਹੋ ਸਕਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਵਿਚਾਲੇਕਰੀਬ ਅੱਧੇ ਘੰਟਾ ਫ਼ੋਨ ਉੱਤੇ ਗੱਲਬਾਤ ਹੋਈ। ਮੋਦੀ ਨੇ ਟਰੰਪ ਨਾਲ ਗੱਲਬਾਤ ਦੇ ਦੌਰਾਨਕਿਹਾ ਕਿ ਪਾਕਿਸਤਾਨ ਦੀਆਂ ਭਾਰਤ ਵਿਰੋਧੀ ਗਤੀਵਿਧੀਆਂ ਕਾਰਨ ਅਮਨ ਨੂੰ ਖ਼ਤਰਾ ਹੈ, ਭਾਰਤ ਇਨ੍ਹਾਂ ਸਰਗਰਮੀਆਂ ਨੂੰ ਬਰਦਾਸ਼ਤ ਨਹੀਂਕਰ ਸਕਦਾ।

# ਸਾਬਕਾ ਖਜ਼ਾਨਾ ਮੰਤਰੀ ਚਿਦੰਬਰਮ ਦੀ ਗ੍ਰਿਫਤਾਰੀ ਕਿਸੇ ਵਕਤ ਵੀ ਸੰਭਵ

*** ਹਾਈ ਕੋਰਟ ਵਿੱਚ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਰੱਦ**



ਨਵੀਂ ਦਿੱਲੀ, 20 ਅਗਸਤ, (ਪੋਸਟ ਬਿਊਰੋ)- ਕਾਂਗਰਸ ਨੇਤਾ ਤੇ ਭਾਰਤ ਦੇ ਸਾਬਕਾ ਖਜ਼ਾਨਾ ਮੰਤਰੀ ਪੀ. ਚਿਦੰਬਰਮਨੂੰ ਦਿੱਲੀ ਹਾਈ ਕੋਰਟ ਤੋਂਅੱਜ ਵੱਡਾ ਝਟਕਾ ਲੱਗਾ ਹੈ। ਆਈ ਐੱਨ ਐਕਸ ਮੀਡੀਆ ਕੇਸ ਵਿੱਚ ਹਾਈ ਕੋਰਟ ਨੇ ਚਿਦੰਬਰਮ ਦੀ ਪੇਸ਼ਗੀ ਜ਼ਮਾਨਤ ਅਰਜ਼ੀਰੱਦ ਕਰ ਦਿੱਤੀ ਹੈ ਅਤੇ ਇਸ ਮਗਰੋਂਸਾਬਕਾ ਮੰਤਰੀ ਨੇ ਕੋਰਟ ਤੋਂ ਤਿੰਨ ਦਿਨ ਦਾ ਸਮਾਂ ਮੰਗਿਆ ਹੈ। ਪੇਸ਼ਗੀ ਜ਼ਮਾਨਤ ਅਰਜ਼ੀ ਰੱਦ ਹੋਣ ਤੋਂ ਬਾਅਦ ਈ ਡੀ ਅਤੇ ਸੀ ਬੀ ਆਈਚਿਦੰਬਰਮ ਨੂੰ ਗ੍ਰਿਫਤਾਰ ਕਰਨਾ ਚਾਹੁੰਦੀਆਂ ਹਨ। ਹਾਈ ਕੋਰਟ ਤੋਂ ਪੇਸ਼ਗੀ ਜ਼ਮਾਨਤ ਅਰਜ਼ੀ ਰੱਦ ਹੋਣ ਪਿੱਛੋਂ ਪੀ. ਚਿਦੰਬਰਮ ਦੇ ਵਕੀਲ ਸੁਪਰੀਮ ਕੋਰਟ ਵਿੱਚਅਗਲੀ ਪਟੀਸ਼ਨ ਦੀ ਤਿਆਰੀ ਵਿੱਚ ਲੱਗ ਗਏ ਹਨ।

ਚਿਦੰਬਰਮਦੇ ਖਿਲਾਫ ਦੋਸ਼ ਹੈ ਕਿ ਭਾਰਤ ਦੇ ਖਜ਼ਾਨਾ ਮੰਤਰੀ ਹੁੰਦਿਆਂ ਉਨ੍ਹਾਂ ਨੇਆਈ ਐੱਨ ਐਕਸ ਮੀਡੀਆ ਨੂੰ ਇਨਵੈਸਟਮੈਂਟ ਪ੍ਰੋਮੋਸ਼ਨ ਬੋਰਡ ਤੋਂ ਗੈਰ-ਕਾਨੂੰਨੀ ਢੰਗ ਨਾਲ ਮਨਜ਼ੂਰੀ ਦਿਵਾਉਣ ਬਦਲੇ 305 ਕਰੋੜ ਰੁਪਏ ਰਿਸ਼ਵਤ ਲਈ ਸੀ। ਇਸ ਕੇਸ ਵਿੱਚਹਾਲੇ ਤੱਕ ਚਿਦੰਬਰਮ ਨੂੰ ਕੋਰਟ ਤੋਂ ਕਰੀਬ ਦੋ ਦਰਜਨ ਵਾਰ ਗ੍ਰਿਫਤਾਰੀਤੋਂ ਰੋਕ ਦੀ ਰਾਹਤ ਮਿਲ ਚੁੱਕੀ ਹੈ। ਇਹ ਕੇਸਸਾਲ 2007 ਦਾ ਹੈ, ਜਦੋਂ ਪੀ. ਚਿਦੰਬਰਮਭਾਰਤ ਦੇ ਖਜ਼ਾਨਾ ਮੰਤਰੀ ਸਨ ਅਤੇ ਇਸ ਵਿੱਚ ਵੱਡਾ ਦੋਸ਼ ਇਹ ਹੈ ਕਿ ਆਈ ਐੱਨ ਐਕਸ ਮੀਡੀਆ ਨੂੰ ਇਨਵੈਸਟਮੈਂਟ ਪ੍ਰਮੋਸ਼ਨ ਬੋਰਡ ਕੋਲੋਂ ਗੈਰ-ਕਾਨੂੰਨੀ ਢੰਗ ਨਾਲ ਮਨਜ਼ੂਰੀ ਦਿਵਾਉਣ ਲਈ 305 ਕਰੋੜ ਰੁਪਏ ਦੀ ਰਿਸ਼ਵਤ ਲਈ ਸੀ। ਇਸ ਕੇਸ ਵਿੱਚਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ)ਅਤੇ ਸੀ ਬੀ ਆਈਇਸ ਤੋਂਪਹਿਲਾਂ ਚਿਦੰਬਰਮ ਦੇ ਬੇਟੇ ਕਾਰਤੀ ਨੂੰ ਗ੍ਰਿਫਤਾਰ ਕਰ ਚੁਕੀਆਂ ਹਨ ਅਤੇ ਉਹ ਇਸ ਵਕਤ ਜ਼ਮਾਨਤ ਉੱਤੇ ਹੈ। ਇਸ ਕੇਸ ਵਿੱਚ ਵੱਡਾ ਮੋੜ ਉਦੋਂ ਆਇਆ, ਜਦੋਂ ਕੇਸ ਦੀ ਇੱਕ ਹੋਰ ਦੋਸ਼ੀ ਇੰਦਰਾਣੀ ਮੁਖਰਜੀ 4 ਜੁਲਾਈ ਨੂੰ ਸਰਕਾਰੀ ਗਵਾਹ ਬਣ ਗਈ।ਇਸ ਕੇਸਦੀ ਇਨਵੈਸਟਮੈਂਟ ਪ੍ਰੋਮੋਸ਼ਨ ਬੋਰਡ ਤੋਂ ਮਿਲੀ ਮਨਜ਼ੂਰੀ ਵਿੱਚ ਗੜਬੜ ਬਾਰੇ ਸੀ ਬੀ ਆਈ ਨੇ ਸਾਲ 2017 ਵਿੱਚਪਰਚਾ ਦਰਜ ਕੀਤਾ ਅਤੇਸਾਲ 2018 ਵਿੱਚਈ ਡੀ ਨੇ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਸੀ। ਇਸ ਕੇਸ ਵਿੱਚਆਈ ਐੱਨ ਐਕਸ ਮੀਡੀਆ ਦੀ ਮਾਲਕਿਣਤੇ ਦੋਸ਼ੀ ਇੰਦਰਾਣੀ ਮੁਖਰਜੀ ਨੂੰ ਗਵਾਹ ਬਣਾ ਕੇ ਇਸੇ ਸਾਲ ਉਨ੍ਹਾਂ ਦਾ ਬਿਆਨ ਰਿਕਾਰਡ ਕੀਤਾ ਗਿਆ। ਸੀ ਬੀ ਆਈ ਅਨੁਸਾਰ ਮੁਖਰਜੀ ਨੇ ਦੱਸਿਆ ਹੈ ਕਿ ਉਸ ਨੇ ਕਾਰਤੀ ਚਿਦੰਬਰਮ ਨੂੰ 10 ਲੱਖ ਰੁਪਏ ਦਿੱਤੇ ਸਨ।

# ਕਸ਼ਮੀਰ ਘਾਟੀ ਵਿਚ ਕੁਝ ਥਾਈਂ ਨੌਜਵਾਨਾਂ ਅਤੇ ਸੁਰੱਖਿਆ ਬਲਾਂ ਵਿਚਾਲੇ ਝੜਪਾਂ

**ਗੁਲਾਮ ਨਬੀ ਆਜ਼ਾਦ ਫਿਰ ਏਅਰਪੋਰਟ ਉੱਤੇ ਰੋਕੇ ਗਏ**

ਸ੍ਰੀਨਗਰ, 20 ਅਗਸਤ, (ਪੋਸਟ ਬਿਊਰੋ)- ਸ੍ਰੀਨਗਰ ਸ਼ਹਿਰ ਦੇ ਮੁੱਖ ਕੇਂਦਰ ਲਾਲ ਚੌਕ ਉੱਤੇ ਘੰਟਾਘਰ ਲਾਗੇ ਬੈਰੀਕੇਡ ਅੱਜ ਮੰਗਲਵਾਰ ਨੂੰ 15 ਦਿਨਾਂ ਬਾਅਦ ਹਟਾਏ ਗਏ ਹਨ। ਇਸ ਕੇਂਦਰ ਉੱਤੇ ਲੋਕਾਂ ਅਤੇ ਵਾਹਨਾਂ ਦੀ ਆਵਾਜਾਈ ਦੀ ਖੁੱਲ੍ਹ ਦੇ ਦਿਤੀ ਗਈ ਹੈ। ਕੁਝ ਇਲਾਕਿਆਂ ਵਿਚ ਪਾਬੰਦੀਆਂ ਵਿਚ ਛੋਟ ਦਿਤੀ ਅਤੇਕੁਝ ਹੋਰਨਾਂ ਨੂੰਮਿਲੀ ਛੋਟ ਜਾਰੀ ਹੈ। ਇਸੇ ਦੌਰਾਨ ਘਾਟੀ ਦੇ ਕੁਝ ਹਿੱਸਿਆਂ ਵਿਚ ਨੌਜਵਾਨਾਂ ਤੇ ਸੁਰੱਖਿਆ ਬਲਾਂ ਵਿਚਾਲੇ ਝੜਪਾਂ ਬਾਰੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁਝ ਲੋਕਾਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ, ਪਰ ਹਾਲਾਤ ਸ਼ਾਂਤੀਪੂਰਨ ਬਣੇ ਹੋਏ ਹਨ।



ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦਸਿਆ ਕਿ ਸੋਮਵਾਰ ਦੁਬਾਰਾ ਖੁੱਲ੍ਹੇ ਬਹੁਤੇ ਸਕੂਲਾਂ ਵਿਚ ਕੋਈ ਵਿਦਿਆਰਥੀ ਨਹੀਂਗਿਆ, ਪਰ ਸਰਕਾਰੀ ਦਫ਼ਤਰਾਂ ਵਿਚ ਮੁਲਾਜ਼ਮਾਂ ਦੀ ਹਾਜ਼ਰੀ ਵਧੀ ਹੈ। ਸ਼ਹਿਰ ਦੇ ਸਿਵਲ ਲਾਈਨਜ਼ ਖੇਤਰਾਂ ਵਿਚਲੇਕੁਝ ਹਿੱਸਿਆਂ ਵਿਚ ਵਾਹਨਾਂ ਦੀ ਆਵਾਜਾਈ ਵੀ ਵਧੀ ਹੈ, ਪਰ ਸ੍ਰੀਨਗਰ ਦੇ ਹੇਠਲੇ ਇਲਾਕਿਆਂ ਅਤੇ ਕਸ਼ਮੀਰ ਘਾਟੀ ਦੇ ਕਈ ਹਿੱਸਿਆਂ ਵਿਚ ਆਵਾਜਾਈ ਹਾਲੇ ਘੱਟ ਹੈ। ਕਸ਼ਮੀਰ ਘਾਟੀ ਵਿਚ ਬਹੁਤੇ ਬਾਜ਼ਾਰ ਬੰਦ ਹਨ ਤੇ ਜਨਤਕ ਬਸਾਂ ਸੜਕਾਂ ਉਤੇ ਨਹੀਂ ਆ ਰਹੀਆਂ। ਮੋਬਾਈਲ ਫੋਨ ਅਤੇ ਇੰਟਰਨੈਟ ਸੇਵਾਵਾਂ ਲਗਾਤਾਰ 16ਵੇਂ ਦਿਨ ਵੀ ਬੰਦ ਰਹੀਆਂ ਅਤੇ ਬਹੁਤੇ ਖੇਤਰਾਂ ਵਿਚ ਲੈਂਡਲਾਈਨ ਟੈਲੀਫ਼ੋਨ ਸੇਵਾਵਾਂ ਵੀ ਪ੍ਰਭਾਵਤ ਰਹੀਆਂ। ਅਧਿਕਾਰੀਆਂ ਮੁਤਾਬਕ ਜੰਮੂ ਕਸ਼ਮੀਰ ਲਈ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਦੇ ਬਹੁਤੇ ਹਿੱਸੇ ਹਟਾਏ ਜਾਣ ਪਿੱਛੋਂ ਹਾਲਾਤ ਕੁਲ ਮਿਲਾ ਕੇ ਸ਼ਾਂਤੀਪੂਰਨ ਹਨ।



ਇਸ ਦੌਰਾਨ ਕਾਂਗਰਸ ਦੇ ਸੀਨੀਅਰ ਨੇਤਾ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਗੁਲਾਮ ਨਬੀ ਆਜ਼ਾਦ ਨੂੰ ਅੱਜ ਮੰਗਲਵਾਰ ਜੰਮੂ ਏਅਰਪੋਰਟ ਉੱਤੇ ਰੋਕ ਲਿਆ ਗਿਆ। ਉਨ੍ਹਾਂ ਨੂੰ ਨਾ ਉਨ੍ਹਾਂ ਦੇ ਘਰ ਜਾਣ ਦਿੱਤਾ ਗਿਆ ਤੇ ਨਾ ਜੰਮੂ ਪ੍ਰਦੇਸ਼ ਕਾਂਗਰਸ ਦੀ ਬੈਠਕ ਵਿੱਚਸ਼ਾਮਲ ਹੋਣ ਦਿੱਤਾ ਗਿਆ। ਰਾਜ ਸਭਾ ਦੀ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੂੰ ਵਾਪਸ ਦਿੱਲੀ ਭੇਜ ਦਿੱਤਾ ਗਿਆ। ਗੁਲਾਮ ਨਬੀ ਆਜ਼ਾਦ ਦਿੱਲੀ ਤੋਂ ਫਲਾਈਟ ਲੈ ਕੇ ਜੰਮੂ ਪਹੁੰਚੇ ਸਨ, ਪਰ ਦੁਪਹਿਰ 2.55 ਵਜੇ ਪ੍ਰਸ਼ਾਸਨ ਦੇ ਆਦੇਸ਼ ਉੱਤੇ ਉਨ੍ਹਾਂ ਨੂੰ ਏਅਰਪੋਰਟ ਉੱਤੇ ਹਿਰਾਸਤ ਵਿੱਚ ਲੈ ਲਿਆ ਗਿਆ। ਉਹ ਜੰਮੂ ਵਿੱਚ ਕਾਂਗਰਸ ਦਫ਼ਤਰਵਿੱਚ ਪ੍ਰਦੇਸ਼ ਕਾਰਜਕਾਰਨੀ ਦੀ ਬੈਠਕ ਵਿੱਚ ਹਿੱਸਾ ਲੈਣ ਜਾ ਰਹੇ ਸਨ, ਪਰ ਉਨ੍ਹਾਂ ਨੂੰ ਏਅਰਪੋਰਟ ਤੋਂ ਨਿਕਲਣ ਨਹੀਂ ਦਿੱਤਾ ਗਿਆ।ਵਰਨਣ ਯੋਗ ਹੈ ਕਿ 5 ਅਗਸਤ ਨੂੰ ਧਾਰਾ 370 ਹਟਾਉਣ ਅਤੇ ਜੰਮੂ-ਕਸ਼ਮੀਰ ਦੀ ਵੰਡ ਕਰਨਪਿੱਛੋਂ ਕਈ ਨੇਤਾਵਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫ਼ਤੀ ਵੀ ਨਜ਼ਰਬੰਦ ਹਨ। 5 ਅਗਸਤ ਨੂੰ ਗੁਲਾਮ ਨਬੀ ਆਜ਼ਾਦ ਨੇ ਰਾਜ ਸਭਾ ਵਿੱ-ਚਬਹਿਸ ਵਿੱਚ ਹਿੱਸਾ ਲਿਆ, ਪਰ 8 ਅਗਸਤ ਨੂੰ ਜਦੋਂ ਉਹ ਸ਼੍ਰੀਨਗਰ ਪਹੁੰਚੇ ਤਾਂ ਉਨ੍ਹਾਂ ਨੂੰ ਓਦੋਂ ਵੀ ਵਾਪਸ ਦਿੱਲੀ ਭੇਜ ਦਿੱਤਾ ਗਿਆ ਸੀ।

# ਵਿੰਗ ਕਮਾਂਡਰ ਅਭਿਨੰਦਨ ਨੂੰ ਫੜਨ ਵਾਲਾ ਪਾਕਿ ਸੂਬੇਦਾਰ ਭਾਰਤੀ ਫੌਜ ਨੇ ਮਾਰ ਸੁੱਟਿਆ

ਨਵੀਂ ਦਿੱਲੀ, 20 ਅਗਸਤ, (ਪੋਸਟ ਬਿਊਰੋ)- ਏਅਰ ਸਟਰਾਈਕ ਪਿੱਛੋਂ ਹੋਈ ਅਸਮਾਨੀ ਲੜਾਈ ਦੇ ਬਾਅਦ ਭਾਰਤੀ ਹਵਾਈ ਫੌਜ ਦੇ ਪਾਇਲਟ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਨੂੰ ਗ੍ਰਿਫਤਾਰ ਕਰ ਕੇ ਪ੍ਰੇਸ਼ਾਨ ਕਰਨ ਵਾਲੇ ਪਾਕਿਸਤਾਨੀਸੂਬੇਦਾਰ ਅਹਿਮਦ ਖਾਨ ਨੂੰ ਭਾਰਤੀ ਫੌਜ ਦੇ ਜਵਾਨਾਂ ਨੂੰ ਮਾਰ ਦਿੱਤਾ ਹੈ। ਮਾਰੇ ਜਾਣ ਵੇਲੇ ਵੀ ਉਹ ਕੰਟਰੋਲ ਲਾਈਨ ਉੱਤੇਅੱਤਵਾਦੀਆਂ ਦੀ ਘੁਸਪੈਠ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਮਿਲੀ ਜਾਣਕਾਰੀ ਮੁਤਾਬਕ ਪਾਕਿਸਤਾਨੀ ਫੌਜ ਦੇ ਸਪੈਸ਼ਲ ਸਰਵਿਸ ਗਰੁੱਪਦਾ ਸੂਬੇਦਾਰ ਅਹਿਮਦ ਖਾਨ ਭਾਰਤੀ ਫੌਜ ਨੇ 17 ਅਗਸਤ ਨੂੰ ਕੰਟਰੋਲ ਰੇਖਾ ਦੇ ਨੇੜਲ ਸੈਕਟਰ ਵਿੱਚ ਮਾਰ ਦਿੱਤਾ ਸੀ, ਜਦੋਂ ਉਹ ਭਾਰਤ ਵਿੱਚ ਘੁਸਪੈਠ ਲਈ ਅੱਤਵਾਦੀਆਂ ਨੂੰ ਲੰਘਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। 27 ਫਰਵਰੀ ਨੂੰ ਵਿੰਗ ਕਮਾਂਡਰ ਅਭਿਨੰਦਨ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਪਾਕਿਸਤਾਨ ਵੱਲੋਂ ਜਾਰੀ ਕੀਤੀ ਤਸਵੀਰ ਵਿੱਚ ਸੂਬੇਦਾਰ ਅਹਿਮਦ ਖਾਨ ਨਜ਼ਰ ਆਇਆ ਸੀ। ਪਤਾ ਲੱਗਾ ਹੈ ਕਿ ਅਹਿਮਦ ਖਾਨ ਨੇ ਕਸ਼ਮੀਰ ਵਿੱਚ ਅੱਤਵਾਦੀਆਂ ਦੀ ਘੁਸਪੈਠ ਲਈ ਫਾਰਵਰਡ ਪੋਸਟ ਉੱਤੇ ਜੈਸ਼-ਏ-ਮੁਹੰਮਦ ਵਾਲੇ ਅੱਤਵਾਦੀ ਇਕੱਠੇ ਕੀਤੇ ਸਨ, ਜਿਸ ਬਾਰੇ 17 ਅਗਸਤ ਨੂੰ ਪਾਕਿਸਤਾਨੀ ਫੌਜ ਨੇ ਪੁੰਛ ਦੇ ਕ੍ਰਿਸ਼ਣਾਘਾਟੀ ਸੈਕਟਰ ਵਿੱਚ ਮੋਰਟ-ਾਰ ਨਾਲ ਹਮਲਾ ਕੀਤਾ ਸੀ। ਭਾਰਤੀ ਫੌਜ ਨੇ ਅੱਗੋਂ ਇਸ ਦਾ ਜਵਾਬ ਦਿੱਤਾ ਤਾਂ ਇਸਵਿੱਚ ਪਾਕਿਸਤਾਨੀ ਕਮਾਂਡੋ ਅਹਿਮਦ ਖਾਨ ਮਾਰਿਆ ਗਿਆ, ਜਿਸ ਨਾਲ ਪਾਕਿਸਤਾਨੀ ਫੌਜ ਨੂੰ ਵੱਡਾ ਝਟਕਾ ਲੱਗਾ ਹੈ।

**ਐਮ ਬੀ ਬੀ ਐਸ ਦਾਖਲਾ:**

# ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫੈਸਲੇ ਉੱਤੇ ਰੋਕ ਲਾਈ

ਫਰੀਦਕੋਟ, 20 ਅਗਸਤ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ 26 ਜੁਲਾਈ ਨੂੰ ਪੰਜਾਬ ਦੇ ਨਿੱਜੀ ਮੈਡੀਕਲ ਕਾਲਜਾਂ ਵਿੱਚ ਮਾਈਕ੍ਰੋ ਰਾਖਵੇਂਕਰਨ ਬਾਰੇ ਦਿੱਤੇ ਫੈਸਲੇ 'ਤੇ ਸੁਪਰੀਮ ਕੋਰਟ ਨੇ ਰੋਕ ਲਾ ਦਿੱਤੀ ਹੈ। ਇਸ ਕੇਸ ਦੀ ਅਗਲੀ ਸੁਣਵਾਈ ਸੁਪਰੀਮ ਕੋਰਟ 23 ਅਗਸਤ ਨੂੰ ਕਰੇਗੀ।

ਵਰਨਣ ਯੋਗ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 26 ਜੁਲਾਈ ਨੂੰ ਆਪਣੇ ਹੁਕਮ ਵਿੱਚ ਪੰਜਾਬ ਦੇ ਮੈਡੀਕਲ ਕਾਲਜਾਂ ਨੂੰ ਆਦੇਸ਼ ਦਿੱਤੇ ਸਨ ਕਿ ਉਹ ਮੈਨੇਜਮੈਂਟ ਕੋਟੇ ਵਿੱਚ ਵੀ ਖਿਡਾਰੀਆਂ ਨੂੰ ਇਕ ਫੀਸਦੀ ਰਾਖਵਾਂਕਰਨ ਦੇਣ। ਪੰਜਾਬ ਸਰਕਾਰ ਨੇ ਇਸ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਸੀ ਕਿ ਰਾਜ ਸਰਕਾਰ ਨਿੱਜੀ ਮੈਡੀਕਲ ਕਾਲਜਾਂ ਨੂੰ ਕੋਈ ਮਾਇਕ ਮਦਦਦ ਨਹੀਂ ਦਿੰਦੀ, ਇਸ ਕਰਕੇ ਮਾਈਕ੍ਰੋ ਰਾਖਵੇਂਕਰਨ ਨੂੰ ਮੈਨੇਜਮੈਂਟ ਕੋਟੇ ਉਪਰ ਜਬਰੀ ਲਾਗੂ ਨਹੀਂ ਕੀਤਾ ਜਾ ਸਕਦਾ। ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਅਤੇ ਡਾਇਰੈਕਟਰ ਨੇ ਹਾਈ ਕੋਰਟ ਦੇ ਫੈਸਲੇ ਦੇ ਖਿਲਾਫ 10 ਅਗਸਤ ਨੂੰ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਹਾਈ ਕੋਰਟ ਦੇ ਫੈਸਲੇ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। ਸੁਪਰੀਮ ਕੋਰਟ ਨੇ ਇਸ ਕੇਸ ਦੀ ਸੁਣਵਾਈ 23 ਅਗਸਤ ਉੱਤੇ ਰੱਖੀ ਹੈ। ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨੇ ਕਿਹਾ ਕਿ 23 ਅਗਸਤ ਨੂੰ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਐਮ ਬੀ ਬੀ ਐਸ ਅਤੇ ਬੀ ਡੀ ਐਸ ਦੀ ਕੌਂਸਲਿੰਗ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਰਾਖਵੇਂਕਰਨ ਦੇ ਵਿਵਾਦ ਕਾਰਨ ਐਮ ਬੀ ਬੀ ਐਸ ਅਤੇ ਬੀ ਡੀ ਐਸ ਦੀ ਕੌਂਸਲਿੰਗ ਅਜੇ ਸ਼ੁਰੂ ਨਹੀਂ ਹੋ ਸਕੀ, ਜਦੋਂ ਕਿ ਯੂਨੀਵਰਸਿਟੀ ਨੇ ਇਹ ਕੰਮ 30 ਅਗਸਤ ਤੱਕ ਮੁਕੰਮਲ ਕਰਨਾ ਸੀ।

# ਬਰਗਾੜੀ ਕਾਂਡ ਵਿੱਚੋਂ ਖੁਦ ਨੂੰ ਬਚਾਉਣ ਲਈ ਬਾਦਲਾਂ ਨੇ ਸੀ ਬੀ ਆਈ ਨੂੰ ਜਾਂਚ ਸੌਂਪੀ ਸੀ

## ਕੈਪਟਨ ਵੱਲੋਂ ਦੋਸ਼

ਐਸ ਏ ਐਸ ਨਗਰ (ਮੋਹਾਲੀ), 20 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਰਗਾੜੀ ਬੇਅਦਬੀ ਕੇਸ ਦੀ ਜਾਂਚ ਵਿਚ ਅੜਿੱਕੇ ਡਾਹੁਣ ਦੀਆਂ ਕੋਸ਼ਿਸ਼ਾਂ ਉੱਤੇ ਅਕਾਲੀਆਂ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਸਾਡੀ ਸਰਕਾਰ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਦੇ ਵਿਰੁੱਧ ਅਦਾਲਤ ਵਿਚ ਪਹੁੰਚ ਚੁੱਕੀ ਹੈ ਤਾਂ ਕਿ ਇਸ ਮਾਮਲੇ ਦੀ ਜਾਂਚ ਕਰ ਕੇ ਕਾਨੂੰਨੀ ਸਿੱਟੇ ਉੱਤੇ ਲਿਜਾਇਆ ਜਾ ਸਕੇ।

ਅੱਜ ਏਥੇ ਪੱਤਰਕਾਰਾਂ ਨਾਲ ਗੱਲਬਾਤ ਦੇ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਪਹਿਲਾਂ ਜਾਣਬੁੱਝ ਕੇ ਇਹ ਸੰਵੇਦਨਸ਼ੀਲ ਕੇਸ ਸੀ ਬੀ ਆਈ ਦੇ ਹੱਥ ਸੌਂਪਿਆ ਅਤੇ ਉਸ ਤੋਂ ਬਾਅਦ ਕੇਂਦਰੀ ਜਾਂਚ ਏਜੰਸੀ ਨੇ ਆਪਣੇ ਆਕਾਵਾਂ ਦੇ ਕਹੇ ਉੱਤੇਇਸ ਜਾਂਚ ਨੂੰ ਧੁਰ ਤੱਕ ਲਿਜਾਣ ਦੀ ਥਾਂ ਬੰਦ ਕਰ ਦਿੱਤਾ ਹੈ।



ਸਾਲ 1984 ਦੇ ਦੰਗਿਆਂ ਲਈ ਰਾਜੀਵ ਗਾਂਧੀ ਬਾਰੇ ਤੱਥਾਂ ਨੂੰ ਤੋੜਨ-ਮਰੋੜਨ ਦੀ ਕੋਸ਼ਿਸ਼ ਕਰਨ ਉੱਤੇਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਾਰੇ ਕਿਹਾ ਕਿ ਜਦੋਂ ਦੰਗੇ ਹੋਏ ਸਨ, ਸੁਖਬੀਰ ਤਾਂ ਓਦੋਂ ਅਮਰੀਕਾ ਵਿਚ ਸੀ, ਉਸ ਨੂੰ ਕੁਝ ਵੀ ਨਹੀਂ ਪਤਾ ਕਿ ਓਦੋਂ ਭਾਰਤ ਵਿਚ ਕੀ ਵਾਪਰਿਆ ਸੀ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਠੋਸ ਸਬੂਤਤੋਂ ਯਭਲੀਆਂ ਮਾਰਨਾ ਸੁਖਬੀਰ ਦੀ ਪੁਰਾਣੀ ਆਦਤ ਹੈ।

ਭਾਰਤ-ਪਾਕਿ ਸਬੰਧਾਂ ਬਾਰੇ ਸਵਾਲ ਪੁੱਛੇ ਜਾਣ ਉੱਤੇ ਮੁੱਖ ਮੰਤਰੀ ਨੇ ਇਹ ਆਸ ਜ਼ਾਹਰ ਕੀਤੀ ਕਿ ਪਾਕਿਸਤਾਨ ਆਪਣੀ ਵਚਨਬੱਧਤਾ ਨਿਭਾਏਗਾ ਅਤੇ ਉਲੀਕੀ ਗਈ ਯੋਜਨਾ ਮੁਤਾਬਕ ਕਰਤਾਰਪੁਰ ਲਾਂਘਾ ਮੁਕੰਮਲ ਕਰੇਗਾ। ਮੀਂਹ ਨਾਲ ਆਏ ਹੜ੍ਹਾਂ ਕਾਰਨ ਪੰਜਾਬ ਵਿਚ ਹੋਏ ਨੁਕਸਾਨ ਬਾਰੇ ਉਨ੍ਹਾਂ ਕਿਹਾ ਕਿ ਲਗਭਗ 1700 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ, ਪਰ ਰਾਜ ਸਰਕਾਰ ਕਿਸੇ ਵੀ ਸਥਿਤੀ ਨਾਲ ਨਿਪਟਣ ਲਈ ਪੂਰੀ ਤਰਾਂ ਤਿਆਰ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



Paramjit Deol Broker CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

MISSISSAUGA $975 — Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000 — Photo Not Available — 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000 — 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000 — 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000 — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000 — Photo Not Available — 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000 — Photo Not Available — 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000 — 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900 — 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000 — Photo Not Available — 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000 — 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000 — 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000 — 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000 — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000 — 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019



# ਸ਼ਮੀਲ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ 'ਧੂਫ਼' ਬਾਰੇ ਹੋਈ ਚਰਚਾ

## ਸੁਰਜੀਤ ਪਾਤਰ, ਸਿੱਧੂ ਦਮਦਮੀ, ਜਸਵੰਤ ਦੀਦ, ਡਾ. ਸੁਖਪਾਲ, ਪ੍ਰੋ. ਮਿੰਦਰ ਤੇ ਹੋਰ ਵਿਦਵਾਨ ਸ਼ਾਮਿਲ ਹੋਏ



ਬਰੈਂਪਟਨ, (ਡਾ' ਝੰਡ) -ਬੀਤੇ ਐਤਵਾਰ 18 ਅਗਸਤ ਨੂੰ 'ਪੰਜਾਬੀ ਭਵਨ ਟੋਰਾਂਟੋ' ਵਿਚ ਹੋਏ ਸੰਖੇਪ ਪਰ ਅਤੀ ਪ੍ਰਭਾਵਸ਼ਾਲੀ ਸਮਾਗ਼ਮ ਵਿਚ ਪੰਜਾਬੀ ਦੇ ਅਨੁਭਵੀ ਤੇ ਸੰਵੇਦਨਸ਼ੀਲ ਸ਼ਾਇਰ ਸ਼ਮੀਲ ਜਸਵੀਰ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ 'ਧੂਫ਼' ਉੱਪਰ ਸਾਰਥਿਕ ਵਿਚਾਰ-ਚਰਚਾ ਹੋਈ ਜਿਸ ਵਿਚ ਪੰਜਾਬੀ ਸਾਹਿਤ ਦੀਆਂ ਕਈ ਅਹਿਮ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ ਅਤੇ ਪੁਸਤਕ ਦੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਗ਼ਮ ਦੇ ਆਰੰਭ ਵਿਚ 'ਪੰਜਾਬੀ ਭਵਨ ਟੋਰਾਂਟੋ' ਦੀ ਟੀਮ ਦੇ ਮੈਂਬਰਾਂ ਵਿਪਨਦੀਪ ਸਿੰਘ ਮਰੋਕ ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਪੰਜਾਬੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਦਾ ਸ਼ਾਨਦਾਰ ਬੁਕੇ ਨਾਲ ਸੁਆਗਤ ਕੀਤਾ ਗਿਆ।

ਉਪਰੰਤ, 'ਸਰਗਮ' ਰੇਡੀਓ ਦੇ ਸੰਚਾਲਕ ਡਾ. ਬਲਵਿੰਦਰ ਨੇ ਸਮਾਗ਼ਮ ਦੀ ਵਿਧੀਵੱਤ ਢੰਗ ਨਾਲ ਸ਼ੁਰੂਆਤ ਕਰਦਿਆਂ ਸ਼ਮੀਲ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਆਪਣੀ ਕਵਿਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਮੇਰੇ ਲਈ ਅਧਿਆਤਮਵਾਦ ਸੰਵੇਦਨਸ਼ੀਲਤਾ ਦਾ ਹੀ ਇਕ ਅਗਲਾ ਲੈਵਲ ਹੈ ਅਤੇ ਕਵਿਤਾ ਵੀ ਸੰਵੇਦਨਸ਼ੀਲਤਾ ਦਾ ਸਿਖਰ ਹੈ। ਇਸ ਕਰਕੇ ਸੰਵੇਦਨਸ਼ੀਲਤਾ ਅਤੇ ਅਧਿਆਤਵਾਦ ਮੇਰੇ ਲਈ ਇਕੋ ਚੀਜ਼ ਹੈ ਅਤੇ ਕਵਿਤਾ ਇਨ੍ਹਾਂ ਦੋਵਾਂ ਦਾ ਸੰਗਮ ਹੈ। ਇਹ ਸੰਵੇਦਨਸ਼ੀਲਤਾ ਹੀ ਉਨ੍ਹਾਂ ਦੀ ਕਵਿਤਾ ਦਾ ਮੁੱਖ ਸਰੋਤ ਹੈ। ਉਨ੍ਹਾਂ ਆਪਣੀਆਂ ਕਵਿਤਾਵਾਂ 'ਟਰੇਨ', 'ਟਰੇਨ ਵਿਚਲਾ ਸੁਪਨਾ', 'ਧੂਫ਼', 'ਧੀਆਂ', 'ਨੰਗੇ ਪੈਰ', 'ਪੇਂਡੂ ਲੋਕ', 'ਔਰਗੈਨਿਕ ਬੰਦੇ' ਤੇ ਕਈ ਹੋਰ ਕਵਿਤਾਵਾਂ ਹਾਜ਼ਰੀਨ ਨਾਲ ਸਾਂਝੀਆਂ ਕੀਤੀਆਂ। ਕਵਿਤਾ 'ਟਰੇਨ ਵਿਚਲਾ ਸੁਪਨਾ' ਕਿਸੇ ਆਉਣ ਵਾਲੇ ਸੁਨਹਿਰੇ ਯੁੱਗ ਦਾ ਸੁਪਨਾ ਪੇਸ਼ ਕੀਤਾ ਗਿਆ, ਜਿਸ ਵਿੱਚ ਡੋਨਾਲਡ ਟਰੰਪ ਦੇ ਅੰਮ੍ਰਿਤ ਛਕ ਕੇ 'ਕਾਰ-ਸੇਵਾ' ਵਾਲੇ ਕਿਸੇ ਬਾਬੇ ਨਾਲ ਜਾ ਮਿਲਣ ਅਤੇ ਫੇਸਬੁੱਕ ਦੇ ਕਰਤਾ-ਧਰਤਾ ਜ਼ੁਕਰਬਰਗ ਦੇ ਬੇਰੋਜ਼ਗਾਰ ਹੋ ਜਾਣ ਦੇ ਪ੍ਰਤੀਕਾਂ ਨੇ ਸਰੋਤਿਆਂ ਵਿੱਚ ਕਾਫੀ ਹਾਸਾ ਪੈਦਾ ਕੀਤਾ।

ਸਮਾਗ਼ਮ ਦੌਰਾਨ ਸੁਰਜੀਤ ਪਾਤਰ ਨੇ ਸ਼ਮੀਲ ਦੀ ਕਵਿਤਾ ਨੂੰ ਨਿੱਖਰੇ ਹੋਏ ਮਨ ਦੀ ਕਵਿਤਾ ਕਿਹਾ ਜਿਹੜੀ ਕਿ ਰੂਹਾਨੀ ਅਨੁਭਵ ਨੂੰ ਇਕ ਨਵੇਂ ਤੇ ਵੱਖਰੇ ਤਰੀਕੇ ਨਾਲ ਪੇਸ਼ ਕਰਦੀ ਹੈ। ਸ਼ਮੀਲ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਸ ਦਾ ਅਨੁਭਵ ਹਮੇਸ਼ਾ ਵੱਖਰੀ ਕਿਸਮ ਦਾ ਹੁੰਦਾ ਹੈ। ਡਾ. ਸੁਖਪਾਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਸ ਪੁਸਤਕ ਵਿਚ ਸ਼ਮੀਲ ਨੇ ਆਪਣੇ ਸੰਵੇਦਨਸ਼ੀਲ ਅਨੁਭਵਾਂ ਨੂੰ ਬਿਲਕੁਲ ਨਵੇਂ ਢੰਗ ਨਾਲ ਪੇਸ਼ ਕੀਤਾ ਹੈ। ਸਿੱਧੂ ਦਮਦਮੀ ਅਨੁਸਾਰ ਸ਼ਮੀਲ ਦੀ ਕਵਿਤਾ ਵਿਚ ਮਹਾਂਨਗਰੀ ਜੀਵਨ ਦੀ ਸੰਵੇਦਨਾ ਦਾ ਅਨੁਭਵ ਵੱਖਰੇ ਅੰਦਾਜ਼ ਵਿਚ ਮਹਿਸੂਸ ਹੁੰਦਾ ਹੈ ਅਤੇ ਪੰਜਾਬੀ ਕਵਿਤਾ ਵਿਚ ਇਹ ਪਹਿਲੀ ਵਾਰ ਇੰਜ ਹੋਇਆ ਹੈ। ਇਸ ਦੌਰਾਨ ਗੁਰਦੇਵ ਚੌਹਾਨ ਨੇ ਕਿਹਾ ਕਿ ਸ਼ਮੀਲ ਦੀ ਭਾਸ਼ਾ ਸਰਲ ਹੈ ਅਤੇ ਇਸ ਤੋਂ ਹੋਰ ਸਰਲ ਤਰੀਕੇ ਨਾਲ ਅਧਿਆਤਮਵਾਦ ਬਾਰੇ ਲਿਖਣਾ ਸੰਭਵ ਨਹੀਂ ਹੈ, ਜਦਕਿ ਜਸਵੰਤ ਦੀਦ ਦਾ ਕਹਿਣਾ ਸੀ ਕਿ ਅਧਿਆਤਮਵਾਦ ਦਾ ਅਨੁਭਵ ਮੁੱਢਲੇ ਤੌਰ 'ਤੇ ਆਪਣੇ ਅੰਦਰ ਵੱਲ ਝਾਤੀ ਮਾਰਨਾ ਹੈ ਅਤੇ ਇਸ ਲਿਹਾਜ਼ ਨਾਲ ਸ਼ਮੀਲ ਦੀਆਂ ਕਵਿਤਾਵਾਂ ਬੜੇ ਸੂਖ਼ਮ ਤਰੀਕੇ ਨਾਲ ਸੰਵੇਦਨਸ਼ੀਲਤਾ ਨੂੰ ਪੇਸ਼ ਕਰਦੀਆਂ ਹਨ। ਇਨ੍ਹਾਂ ਤੋਂ ਇਲਾਵਾ ਪ੍ਰੋ. ਮਿੰਦਰ ਨੇ ਵੀ ਸ਼ਮੀਲ ਦੀ ਕਵਿਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗ਼ਮ ਨਿਰਧਾਰਿਤ ਸਮੇਂ ਤੋਂ ਬੇਸ਼ਕ ਕੁਝ ਦੇਰ ਨਾਲ ਸ਼ੁਰੂ ਹੋ ਸਕਿਆ ਪਰ ਇਸ ਵਿਚ ਵੱਖ-ਵੱਖ ਲੇਖਕਾਂ ਵੱਲੋਂ ਆਪਣੇ ਵਿਚਾਰ ਸੰਖੇਪ ਰੂਪ ਵਿਚ ਪੇਸ਼ ਕਰਨ ਨਾਲ ਇਹ ਲੱਗਭੱਗ ਸਮੇਂ-ਸਿਰ ਹੀ ਸਫ਼ਲਤਾ-ਪੂਰਵਕ ਸੰਪੰਨ ਹੋਇਆ। ਇਸ ਮੌਕੇ ਹਾਜ਼ਰ ਲੇਖਕਾਂ ਤੇ ਬੁੱਧੀਜੀਵੀਆਂ ਵੱਲੋਂ ਸ਼ਮੀਲ ਨੂੰ ਇਸ ਨਵੀਂ ਕਾਵਿ-ਪੁਸਤਕ 'ਧੂਫ਼' ਦੇ ਆਉਣ 'ਤੇ ਮੁਬਾਰਕਬਾਦ ਪੇਸ਼ ਕੀਤੀ ਗਈ।

# ਵਿਆਹੁਤਾ ਨੂੰ ਖੁਦਕੁਸ਼ੀ ਲਈ ਉਕਸਾਉਣ ਲਈ ਪਤੀ ਸਮੇਤ ਛੇ ਨੂੰ ਸੱਤ-ਸੱਤ ਸਾਲ ਦੀ ਕੈਦ

ਬਠਿੰਡਾ, 20 ਅਗਸਤ (ਪੋਸਟ ਬਿਊਰੋ)- ਦਾਜ ਲਈ ਤੰਗ ਕਰਨ ਤੋਂ ਦੁਖੀ ਹੋ ਕੇ ਪਿੰਡ ਚੋਟੀਆਂ ਦੀ ਇੱਕ ਵਿਆਹੁਤਾ ਦੇ ਖੁਦਕੁਸ਼ੀ ਕਰਨ ਦੇ ਮਾਮਲੇ ਵਿੱਚ ਕੋਰਟ ਨੇ ਮ੍ਰਿਤਕ ਔਰਤ ਦੇ ਪਤੀ, ਸੱਸ, ਸਹੁਰੇ ਸਮੇਤ ਛੇ ਵਿਅਕਤੀਆਂ ਨੂੰ ਸੱਤ-ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ।

ਵਰਨਣ ਯੋਗ ਹੈ ਕਿ ਚਾਰ ਅਗਸਤ 2016 ਨੂੰ ਮਾਨਸਾ ਦੇ ਪਿੰਡ ਉਭਾ ਵਾਸੀ ਮਿੱਠੂ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਉਸ ਦੀ ਬੇਟੀ ਪਾਲ ਕੌਰ ਦਾ ਵਿਆਹ ਪੰਜ ਸਾਲ ਪਹਿਲਾਂ ਪਿੰਡ ਚੋਟੀਆਂ ਵਾਸੀ ਗੁਰਨਾਮ ਸਿੰਘ ਨਾਲ ਹੋਇਆ ਸੀ। ਵਿਆਹ ਦੇ ਬਾਅਦ ਤੋਂ ਉਸ ਦੇ ਸਹੁਰੇ ਉਸ ਨੂੰ ਦਾਜ ਲਈ ਪ੍ਰੇਸ਼ਾਨ ਕਰਨ ਲੱਗੇ। ਤਿੰਨ ਅਗਸਤ 2016 ਨੂੰ ਉਸ ਦੀ ਲੜਕੀ ਪਾਲ ਕੌਰ ਦਾ ਫੋਨ ਆਇਆ ਕਿ ਉਸ ਦਾ ਪਤੀ, ਸੱਸ, ਸਹੁਰਾ, ਮਾਸੀ ਸੱਸ ਅਤੇ ਉਸ ਦੀਆਂ ਦੋਵੇਂ ਨੂੰਹਾਂ ਨੇ ਉਸ ਨਾਲ ਕੁੱਟਮਾਰ ਕੀਤੀ ਹੈ। ਉਨ੍ਹਾਂ ਬੇਟੀ ਨੂੰ ਸਮਝਾਇਆ ਕਿ ਉਹ ਕੱਲ੍ਹ ਉਸ ਦੇ ਸਹੁਰੇ ਆਉਣਗੇ। ਅਗਲੇ ਦਿਨ ਉਹ ਉਥੇ ਗਏ ਤਾਂ ਉਥੇ ਕੋਈ ਨਹੀਂ ਸੀ। ਪਤਾ ਲੱਗਾ ਕਿ ਸਹੁਰਿਆਂ ਦੀ ਕੁੱਟਮਾਰ ਤੋਂ ਪ੍ਰੇਸ਼ਾਨ ਹੋ ਪਾਲ ਕੌਰ ਨੇ ਖੁਦ ਨੂੰ ਅੱਗ ਲਗਾ ਲਈ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

# ਸਰੋਵਰ ਵਿੱਚ ਡੁੱਬਣ ਕਾਰਨ ਮੱਥਾ ਟੇਕਣ ਆਏ ਵਿਅਕਤੀ ਦੀ ਮੌਤ

ਅੰਮ੍ਰਿਤਸਰ, 20 ਅਗਸਤ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਵਿਖੇ ਸਰੋਵਰ 'ਚ ਇਸ਼ਨਾਨ ਕਰਨ ਸਮੇਂ ਇੱਕ ਵਿਅਕਤੀ ਦੀ ਪੈਰ ਤਿਲਕਣ ਕਾਰਨ ਡੁੱਬ ਜਾਣ ਨਾਲ ਮੌਤ ਹੋ ਗਈ ਹੈ।

ਥਾਣਾ ਗਲਿਆਰਾ ਦੇ ਡਿਊਟੀ ਅਫਸਰ ਏ ਐਸ ਆਈ ਬਲਦੇਵ ਸਿੰਘ ਨੇ ਦੱਸਿਆ ਕਿ ਬ੍ਰਹਮਬਿੰਦਰ ਸਿੰਘ (57) ਆਪਣੇ ਸਾਥੀ ਗੁਰਮਿੰਦਰ ਸਿੰਘ ਨਾਲ ਏਥੇ ਦਰਸ਼ਨ ਕਰਨ ਆਇਆ ਸੀ। ਕੱਲ੍ਹ ਤੜਕੇ ਕਰੀਬ ਡੇਢ ਵਜੇ ਉਹ ਸਰੋਵਰ 'ਚ ਇਸ਼ਨਾਨ ਕਰ ਰਿਹਾ ਸੀ ਤਾਂ ਉਸ ਦਾ ਪੈਰ ਤਿਲਕ ਗਿਆ ਤੇ ਉਹ ਸਰੋਵਰ ਵਿੱਚ ਜਾ ਡਿੱਗਾ। ਰੌਲਾ ਪੈਣ ਉੱਤੇ ਗੋਤਾਖੋਰ ਮੌਕੇ ਉੱਤੇ ਪਹੁੰਚੇ ਤੇ ਉਸ ਨੂੰ ਬਾਹਰ ਕੱਢ ਕੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਵਿਖੇ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਵੱਡੇ ਭਰਾ ਮਨਜੀਤ ਸਿੰਘ ਨੇ ਦੱਸਿਆ ਕਿ ਬ੍ਰਹਮਬਿੰਦਰ ਸਿੰਘ ਹਰ ਮਹੀਨੇ ਦਰਸ਼ਨਾਂ ਲਈ ਸ੍ਰੀ ਹਰਿਮੰਦਰ ਸਾਹਿਬ ਜਾਂਦਾ ਸੀ। ਕੱਲ੍ਹ ਸ਼ਾਮ ਉਹ ਦਰਸ਼ਨਾਂ ਲਈ ਪਿੰਡ ਦੇ ਆਪਣੇ ਸਾਥੀ ਗੁਰਮਿੰਦਰ ਸਿੰਘ ਨਾਲ ਆਇਆ ਸੀ। ਜਿਸ ਵੇਲੇ ਇਹ ਘਟਨਾ ਵਾਪਰੀ, ਉਸ ਦਾ ਸਾਥੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਆਰਾਮ ਕਰ ਰਿਹਾ ਸੀ। ਘਟਨਾ ਬਾਰੇ ਲੱਗਣ 'ਤੇ ਉਸ ਨੇ ਪਰਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ।


ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7


# ਰੈੱਡ ਵਿੱਲੋ ਕਲੱਬ ਨੇ ਕੈਨੇਡਾ ਡੇਅ ਅਤੇ ਭਾਰਤ ਦਾ ਆਜ਼ਾਦੀ ਦਿਵਸ ਮਨਾਇਆ







(ਹਰਜੀਤ ਬੇਦੀ): ਰੈੱਡ ਵਿੱਲੋ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਕਨੇਡਾ ਡੇਅ ਅਤੇ ਭਾਰਤ ਦਾ ਆਜ਼ਾਦੀ ਦਿਵਸ ਸਾਂਝੇ ਤੌਰ ਤੇ ਮਨਾਇਆ ਗਿਆ। ਕਲੱਬ ਦੇ ਮੈਂਬਰ ਅਤੇ ਮਹਿਮਾਨ ਠੀਕ ਸਮੇਂ ਤੇ ਪਹੁੰਚਣੇ ਸ਼ੁਰੂ ਹੋ ਗਏ ਅਤੇ ਚਾਹ ਪਾਣੀ ਪੀਣ ਤੋਂ ਬਾਅਦ ਪੰਡਾਲ ਵਿੱਚ ਇਕੱਠੇ ਹੋ ਗਏ। ਪਰਧਾਨ ਗੁਰਨਾਮ ਸਿੰਘ ਗਿੱਲ ਅਤੇ ਕਲੱਬ ਦੀ ਆਗੂ ਟੀਮ ਵਲੋਂ ਦੋਹਾਂ ਦੇਸ਼ਾਂ ਦੇ ਝੰਡੇ ਝੁਲਾਉਣ ਅਤੇ ਕੌਮੀ ਗੀਤਾਂ ਤੋਂ ਬਾਦ ਸਟੇਜ ਦੀ ਕਾਰਵਾਈ ਸ਼ੁਰੂ ਕੀਤੀ ਗਈ। ਕਲੱਬ ਦੇ ਜਨਰਲ ਸਕੱਤਰ ਮਾਸਟਰ ਕੁਲਵੰਤ ਸਿੰਘ ਵਲੋਂ ਜੀ ਆਇਆਂ ਕਹਿਣ ਤੋਂ ਬਾਅਦ ਵੱਖ ਵੱਖ ਕਲੱਬਾਂ ਦੇ ਨੁਮਾਇੰਦਿਆਂ ਜੰਗੀਰ ਸਿੰਘ ਸੈਂਭੀ, ਪ੍ਰੋ: ਨਿਰਮਲ ਧਾਰਨੀ , ਬਲਵਿੰਦਰ ਬਰਾੜ, ਪ੍ਰੀਤਮ ਸਿੰਘ ਸਰਾਂ ਆਦਿ ਨੇ ਕਨੇਡਾ ਦਿਵਸ ਅਤੇ ਭਾਰਤ ਦੇ ਆਜ਼ਾਦੀ ਦਿਵਸ ਬਾਰੇ ਵਧਾਈ ਦਿੰਦਿਆਂ ਆਪਣੇ ਵਿਚਾਰ ਪਰਗਟ ਕੀਤੇ।

ਕਮਿਊਨਿਟੀ ਦੇ ਨੁਮਾਇੰਦੇ ਐਮ ਪੀ ਰਾਜੇਸਵਰ ਸੰਘਾ, ਐਮ ਪੀ ਪੀ ਗੁਰਰਤਨ ਸਿੰਘ, ਰੀਜਨਲ ਕੌਂਸਲਰ ਪੈਟ ਫੋਰਟੀਨੀ, ਕੌਂਸਲਰ ਹਰਕੀਰਤ ਸਿੰਘ, ਸਕੂਲ ਟਰੱਸਟੀ ਬਲਬੀਰ ਸੋਹੀ, ਕੌਂਸਲਰ ਚਾਰਮਿਨ ਵਿਲੀਅਮਜ ਨੇ ਆਪਣੇ ਵਿਚਾਰ ਰਖਦਿਆਂ ਕਲੱਬ ਦੀ ਕਾਰਗੁਜਾਰੀ ਦੀ ਸ਼ਲਾਘਾ ਕੀਤੀ। ਬਰੈਂਪਟਨ ਟਰਾਂਜਿਟ ਦੀ ਰੀਤੂ ਚੀਮਾਂ ਨੇ ਬਰੈਂਪਟਨ ਟਰਾਂਜਿਟ ਵਲੋਂ ਲੋਕਾਂ ਖਾਸ ਕਰ ਕੇ ਸੀਨੀਅਰਜ਼ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ।

ਸਟੇਜ ਦੀ ਕਾਰਵਾਈ ਤੋਂ ਬਾਦ ਬਚਿੱਆਂ ਦੇ ਵੱਖ ਵੱਖ ਉਮਰ ਗਰੁੱਪਾਂ ਦੀ ਰੇਸ, ਮਿਊਜ਼ੀਕਲ ਚੇਅਰ ਰੇਸ ਅਤੇ 50 ਸਾਲ ਤੋਂ ਘੱਟ ਅਤੇ 50 ਸਾਲ ਤੋਂ ਵੱਧ ਬੀਬੀਆਂ ਦੇ ਮਿਊਜ਼ੀਕਲ ਚੇਅਰ ਰੇਸ ਅਤੇ ਚਮਚਾ ਰੇਸ ਦੇ ਮੁਕਾਬਲੇ ਹੋਏ। ਇਹ ਮੁਕਾਬਲੇ ਬਹੁਤ ਹੀ ਦਿਲਚਸਪ ਸਨ ਜਿੰਨ੍ਹਾ ਦਾ ਸਭ ਨੇ ਆਨੰਦ ਮਾਣਿਆ। ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲਿਆਂ ਨੂੰ ਸ਼ਾਨਦਾਰ ਮੋਮੈਂਟੋ ਅਤੇ ਮੈਡਲ ਇਨਾਮ ਵਜੋਂ ਦਿੱਤੇ ਗਏ। ਕਲੱਬ ਵਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਕਲੱਬ ਦੇ ਸਭ ਤੋਂ ਸੀਨੀਅਰ ਮਰਦ ਮੈਂਬਰ ਰਣਜੋਧ ਸਿੰਘ ਪੰਨੂ ਅਤੇ ਇਸਤਰੀ ਮੈਂਬਰ ਕ੍ਰਿਸ਼ਨਾ ਸ਼ਰਮਾ ਨੂੰ ਸਨਮਾਨਿਤ ਕੀਤਾ ਗਿਆ। ਪਰੋਗਰਾਮ ਦੌਰਾਨ ਅਜਮੇਰ ਪਰਦੇਸੀ, ਨਿਰਮਲਾ ਪਰਾਸ਼ਰ, ਅਵਤਾਰ ਸਿੰਘ ਬੈਂਸ ਅਤੇ ਇਕਬਾਲ ਕੌਰ ਛੀਨਾ ਨੇ ਆਪਣੇ ਸਾਰਥਕ ਗੀਤਾਂ ਅਤੇ ਕਵਿਤਾਵਾਂ ਰਾਹੀ ਮਨੋਰੰਜਨ ਕੀਤਾ। ਜਿਸ ਦੀ ਸਰੋਤਿਆਂ ਵਲੋਂ ਸਲਾਘਾਂ ਕੀਤੀ ਗਈ।

ਇਸ ਪਰੋਗਰਾਮ ਨੂੰ ਸਫਲ ਬਣਾਉਣ ਲਈ ਪਰਧਾਨ ਗੁਰਨਾਮ ਸਿੰਘ ਗਿੱਲ ਦੀ ਅਗਵਾਈ ਵਿੱਚ ਅਮਰਜੀਤ ਸਿੰਘ, ਜੋਗਿੰਦਰ ਪੱਡਾ, ਮਾਸਟਰ ਕੁਲਵੰਤ ਸਿੰਘ , ਬਲਵੰਤ ਕਲੇਰ, ਸ਼ਿਵਦੇਵ ਰਾਏ, ਪਰੀਤਮ ਸਿੰਘ ਅਤੇ ਪਰਮਜੀਤ ਬੜਿੰਗ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ। ਪਰੋ-ਗਰਾਮ ਦੀ ਸਫਲਤਾ ਅਤੇ ਮਹਿਮਾਨਾਂ ਦੀ ਸੇਵਾ ਲਈ ਮਹਿੰਦਰ ਪੱਡਾ ਦੀ ਅਗਵਾਈ ਵਿੱਚ 20 ਤੋਂ ਵੱਧ ਬੀਬੀਆਂ ਨੇ ਆਪਣੇ ਹੱਥੀ ਤਿਆਰ ਕੀਤਾ ਸਵਾਦਿਸ਼ਟ ਭੋਜਨ ਮਹਿਮਾਨਾਂ ਅਤੇ ਕਲੱਬ ਮੈਂਬਰਾਂ ਨੂੰ ਵਰਤਾਉਣ ਦੀ ਸੇਵਾ ਨਿਭਾਈ ਜਿਸ ਦੀ ਹਰ ਪਾਸਿਓਂ ਸਲਾਘਾ ਕੀਤੀ ਗਈ। ਕਲੱਬ ਵਲੋਂ ਕਲੱਬ ਦੇ ਸਮੂਹ ਮੈਂਬਰਾਂ ਦਾ ਪਰੋ-ਗਰਾਮ ਨੂੰ ਸਫਲ ਬਣਾਉਣ ਲਈ ਸਾਥ ਦੇਣ ਅਤੇ ਆਏ ਹੋਏ ਮਹਿਮਾਨਾਂ ਦਾ ਹਾਜਰ ਹੋਣ ਲਈ ਧੰਨਵਾਦ ਕੀਤਾ ਗਿਆ। ਇਸ ਤਰ੍ਹਾ ਕਲੱਬ ਦਾ ਇਹ ਪਰੋਗਰਾਮ ਬੜੀ ਸਫਲਤਾ ਨਾਲ ਨੇਪਰੇ ਚੜ੍ਹਿਆ।

ਕਲੱਬ ਸਬੰਧੀ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲਈ ਪਰਧਾਨ ਗੁਰਨਾਮ ਸਿੰਘ ਗਿੱਲ 416-908-1300, ਜਨਰਲ ਸਕੱਤਰ ਕੁਲਵੰਤ ਸਿੰਘ 647-202-7696, ਉੱਪ-ਪਰਧਾਨ ਅਮਰਜੀਤ ਸਿੰਘ 416-268-6821,ਪਰਮਜੀਤ ਬੜਿੰਗ 647-963-0331, ਜੋਗਿੰਦਰ ਸਿੰਘ ਪੱਡਾ 416-219-2542 ਜਾਂ ਸ਼ਿਵਦੇਵ ਸਿੰਘ ਰਾਏ 647-643-6396 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 'ਅਸੀਸ' ਮੰਚ ਟੋਰਾਂਟੋਂ ਵੱਲੋਂ 'ਮਾਤਾ ਨਿਰੰਜਨ ਕੌਰ ਐਵਾਰਡ ਕਹਾਣੀਕਾਰ ਕੁਲਜੀਤ ਮਾਨ ਨੂੰ ਦਿੱਤਾ ਜਾਏਗਾ




ਬਰੈਂਪਟਨ, (ਡਾ.ਝੰਡ) -ਜੀ.ਟੀ.ਏ. ਦੇ ਸਾਹਿਤਕ-ਹਲਕਿਆਂ ਵਿਚ ਇਹ ਖ਼ਬਰ ਬੜੀ ਖ਼ੁਸ਼ੀ ਨਾਲ ਪੜ੍ਹੀ ਸੁਣੀ ਜਾਏਗੀ ਕਿ 'ਅਸੀਸ ਮੰਚ ਟੋਰਾਂਟੋ' ਵੱਲੋਂ ਦੋ ਸਾਲ ਸ਼ੁਰੂ ਕੀਤਾ ਗਿਆ 'ਮਾਤਾ ਨਿਰੰਜਨ ਕੌਰ ਐਵਾਰਡ ਇਸ ਵਾਰ ਬਰੈਂਪਟਨ ਦੇ ਉੱਘੇ ਕਹਾਣੀਕਾਰ ਕੁਲਜੀਤ ਮਾਨ ਨੂੰ ਦਿੱਤਾ ਜਾ ਰਿਹਾ ਹੈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਕੁਲਜੀਤ ਮਾਨ ਨਾਵਲ, ਕਹਾਣੀਆਂ ਅਤੇ ਵਿਅੰਗਆਤਮਿਕ ਵਾਰਤਕ ਦੀਆਂ ਕਈ ਪੁਸਤਕਾਂ ਦਾ ਲੇਖਕ ਹੈ। ਉਸ ਦਾ ਨਾਵਲ 'ਕਿਟੀ ਮਾਰਸ਼ਲ' ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਿਲੇਬਸ ਦਾ ਹਿੱਸਾ ਬਣਿਆ ਹੈ ਅਤੇ ਪਿਛਲੇ ਸਾਲ ਛਪਿਆ ਨਾਵਲ 'ਮਾਂ ਦਾ ਘਰ' ਯੋਗੋਸਲਾਵੀਆ ਦੇ ਲੋਕਾਂ ਉੱਪਰ ਹੋਏ ਜ਼ੁਲਮ ਦੀ ਪੂਰੀ ਤਸਵੀਰ ਬਿਆਨਦਾ ਹੈ। ਉਸ ਦੀਆਂ ਕਹਾਣੀਆਂ ਅਤੇ ਵਾਰਤਕ ਦੀਆਂ ਪੁਸਤਕਾਂ ਪਾਠਕਾਂ ਵਿਚ ਕਾਫ਼ੀ ਹਰਮਨ-ਪਿਆਰੀਆਂ ਹਨ। ਉਹ ਕੰਪਿਊਟਰ-ਕਲਾ ਵਿਚ ਵੀ ਕਾਫ਼ੀ ਮੁਹਾਰਤ ਰੱਖਦਾ ਹੈ ਅਤੇ ਫੇਸਬੁੱਕ ਅਤੇ ਆਪਣੀ ਵੈੱਬਸਾਈਟ 'ਬੰਸਰੀ ਡੌਟ ਨੈੱਟ' ਉੱਪਰ ਸਮਾਜਿਕ, ਸਾਹਿ-ਤਕ ਅਤੇ ਚਲੰਤ-ਮਾਮਲਿਆਂ ਬਾਰੇ ਸਮੱਗਰੀ ਪਾਉਂਦਾ ਰਹਿੰਦਾ ਹੈ ਜੋ ਲੋਕਾਂ ਵੱਲੋਂ ਕਾਫ਼ੀ ਪਸੰਦ ਕੀਤੀ ਜਾਂਦੀ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਹ ਪੁਰਸਕਾਰ ਪੰਜਾਬੀ ਭਾਸ਼ਾ, ਸਾਹਿਤ ਅਤੇ ਮਾਂ-ਬੋਲੀ ਲਈ ਯੋਗਦਾਨ ਪਾਉਣ ਵਾਲੀ ਯੋਗ ਸ਼ਖ਼ਸੀਅਤ ਨੂੰ ਦਿੱਤਾ ਜਾਂਦਾ ਹੈ ਅਤੇ ਪਾਠਕਾਂ ਨੂੰ ਭਲੀ-ਭਾਂਤ ਯਾਦ ਹੋਵੇਗਾ ਕਿ ਪਿਛਲੇ ਸਾਲ ਇਹ ਐਵਾਰਡ ਉੱਘੇ ਲੇਖਕ ਡਾ. ਵਰਿਆਮ ਸਿੰਘ ਸੰਧੂ ਨੂੰ ਦਿੱਤਾ ਗਿਆ ਸੀ। ਇਸ ਐਵਾਰਡ ਵਿਚ 1100 ਡਾਲਰ ਦਾ ਨਕਦ ਇਨਾਮ ਅਤੇ ਸਨਮਾਨ-ਚਿੰਨ੍ਹ ਸ਼ਾਮਲ ਹੇ ਹਨ।

ਇਹ ਸਮਾਗ਼ਮ ਪਹਿਲੀ ਸਤੰਬਰ ਦਿਨ ਐਤਵਾਰ ਨੂੰ 3770 ਨਸੂਆ ਡਰਾਈਵ, ਮਿਸੀਸਾਗਾ ਵਿਖੇ ਸ਼ਾਮ ਨੂੰ 5 ਵਜੇ ਤੋਂ 8 ਵਜੇ ਤੀਕ ਕਰਵਾਇਆ ਜਾ ਰਿਹਾ ਹੈ। ਇਸ ਦੇ ਬਾਰੇ ਗੱਲਬਾਤ ਕਰਦਿਆਂ ਹੋਇਆਂ ਪਰਮਜੀਤ ਦਿਓਲ ਨੇ ਦੱਸਿਆ ਕਿ ਇਹ ਐਵਾਰਡ ਉਸ ਦਿਨ ਹੋਣ ਵਾਲੀ ਸ਼ਾਇਰੀ ਦੀ ਮਹਿਫ਼ਲ 'ਅਹਿਸਾਸ' ਦੌਰਾਨ ਦਿੱਤਾ ਜਾਏਗਾ ਜਿਸ ਵਿਚ ਇੰਗਲੈਂਡ ਤੋਂ ਸਾਂਇਰ ਰਾਜਿੰਦਰਜੀਤ ਅਤੇ ਅਮਰੀਕਾ ਤੋਂ ਰਜਿੰਦਰ ਜਿੰਦ ਵੀ ਸ਼ਾਮਲ ਹੋਣਗੇ। ਇਸ ਮੌਕੇ ਸੁਖਦੇਵ ਸੁੱਖ, ਇਕਬਾਲ ਬਰਾੜ, ਰਿੰਟੂ ਭਾਟੀਆ ਅਤੇ ਸ਼ਿਵਰਾਜ ਸੰਨੀ ਖ਼ੂਬਸੂਰਤ ਗਾਇਕੀ ਦਾ ਮਾਹੌਲ ਸਿਰਜਣਗੇ। ਇਸ ਦੇ ਬਾਰੇ ਵਧੇਰੇ ਜਾਣਕਾਰੀ ਪਰਮਜੀਤ ਦਿਓਲ ਨੂੰ ਫ਼ੋਨ ਨੰਬਰ 647-295-7351 'ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।


"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing in:
Daljit Singh President
308 Rutherford Road Brampton
905-874-9878
Inderjit Singh
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਣ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ ਵਿਚ ਮਲੂਕ ਸਿੰਘ ਕਾਹਲੋਂ ਨਾਲ ਰੂ-ਬ-ਰੂ ਤੇ ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਬਾਰੇ ਵਿਚਾਰਾਂ

## ਕਵੀ ਦਰਬਾਰ ਵੀ ਕਰਵਾਇਆ





ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 18 ਅਗਸਤ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਇਸ ਮਹੀਨੇ ਦੇ ਸਮਾਗਮ ਵਿਚ ਸਭਾ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਮਲੂਕ ਸਿੰਘ ਕਾਹਲੋਂ ਨਾਲ ਰੂ-ਬਰੂ ਕੀਤਾ ਗਿਆ ਅਤੇ ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਬਾਰੇ ਵਿਚਾਰ-ਵਟਾਂਦਰਾ ਹੋਇਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਪੰਜਾਬ ਤੋਂ ਇਨ੍ਹੀਂ ਦਿਨੀਂ ਕੈਨੇਡਾ ਆਈਆਂ ਦੋ ਬੀਬੀਆਂ ਸਤਿੰਦਰ ਕੌਰ ਕਾਹਲੋਂ ਤੇ ਸੁਰਜੀਤ ਕੌਰ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ।

ਡਾ. ਸੁਖਦੇਵ ਸਿੰਘ ਝੰਡ ਵੱਲੋਂ ਆਏ ਮਹਿਮਾਨਾਂ ਦੇ ਰਸਮੀ-ਸੁਆਗਤ ਤੋਂ ਬਾਅਦ ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਸਭਾ ਦੇ ਸਰਗਰਮ ਮੁੱਢਲੇ ਮੈਂਬਰ ਮਲੂਕ ਸਿੰਘ ਕਾਹਲੋਂ ਨੂੰ ਕੁਝ ਆਪਣੇ ਬਾਰੇ ਅਤੇ ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਬਾਰੇ ਬੋਲਣ ਲਈ ਕਿਹਾ ਜਿਨ੍ਹਾਂ ਨੇ ਆਪਣੇ ਬਾਰੇ ਦੱਸਦਿਆ ਕਿਹਾ ਕਿ ਉਨ੍ਹਾਂ ਨੇ ਬੀ.ਕਾਮ. ਤੀਕ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਪੰਜਾਬ ਐਂਡ ਸਿੰਧ ਬੈਂਕ ਵਿਚ ਨੌਕਰੀ ਸ਼ੁਰੂ ਕੀਤੀ। ਸ਼ੁਰੂ ਤੋਂ ਹੀ ਘਰ ਵਿਚ ਸਾਹਿਤਕ ਮਾਹੌਲ ਹੋਣ ਕਾਰਨ ਉਨ੍ਹਾਂ ਦੀ ਰੁਚੀ ਪੰਜਾਬੀ ਸਾਹਿਤ ਪੜ੍ਹਨ ਵੱਲ ਹੋ ਗਈ ਅਤੇ ਬੈਂਕ ਦੀ ਨੌਕਰੀ ਦੇ ਦੌਰਾਨ ਹੀ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੰਜਾਬੀ ਦੀ ਐੱਮ.ਏ. ਪ੍ਰਾਈਵੇਟ ਵਿਦਿਆਰਥੀ ਵਜੋਂ ਕੀਤੀ। ਇਸ ਤਰ੍ਹਾਂ ਉਨ੍ਹਾਂ ਨੂੰ ਸਾਹਿਤ ਪੜ੍ਹਨ ਦਾ ਸ਼ੌਕ ਮੁੱਢ ਤੋਂ ਹੀ ਸੀ ਅਤੇ ਆਪਣੀ ਨੌਕਰੀ ਦੌਰਾਨ ਉਨ੍ਹਾਂ ਨੇ ਕੁਝ ਮਿੰਨੀ-ਕਹਾਣੀਆਂ ਲਿਖੀਆਂ ਪਰ ਇਹ ਛਪਣ ਲਈ ਕਿਧਰੇ ਨਾ ਭੇਜੀਆਂ। ਕਵਿਤਾਵਾਂ ਉਨ੍ਹਾਂ ਨੇ ਇੱਥੇ ਕੈਨੇਡਾ ਆ ਕੇ ਲਿਖਣੀਆਂ ਸ਼ੁਰੂ ਕੀਤੀਆਂ ਅਤੇ ਇਨ੍ਹਾਂ ਦੀ ਪਹਿਲੀ ਪੁਸਤਕ 'ਲੋਕ ਵੇਦਨਾ' 2011 ਵਿਚ ਛਪੀ ਅਤੇ ਦੂਸਰੀ 'ਵਿਰਸੇ ਦੇ ਵਾਰਸ' 2013 ਵਿਚ ਛਪੀ। ਪੰਜਾਬੀ ਭਾਸ਼ਾ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਅੱਜਕੱਲ੍ਹ ਬੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਇਸ ਨੂੰ ਬੋਲਣ, ਪੜ੍ਹਨ ਤੇ ਇਸ ਵਿਚ ਲਿਖਣ ਤੋਂ ਲੱਗਭੱਗ ਇਨਕਾਰੀ ਹੋ ਰਹੀਆਂ ਹਨ ਅਤੇ ਉਹ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਨੂੰ ਤਰਜੀਹ ਦੇ ਰਹੀਆਂ ਹਨ।

ਲਹਿੰਦੇ ਪੰਜਾਬ ਤੋਂ ਆਏ ਵਿਦਵਾਨ ਜਨਾਬ ਅਫ਼ਜ਼ਲ ਰਜ਼ਾ ਨੇ ਯੂ.ਐੱਨ.ਓ. ਦੀ ਸਾਲ 2002 ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਹੋਇਆਂ ਦੱਸਿਆ ਕਿ ਇਸ ਦੇ ਅਨੁਸਾਰ ਪੰਜਾਬੀ ਭਾਸ਼ਾ ਦੇ ਆਉਂਦੇ 50 ਸਾਲਾਂ ਵਿਚ ਖ਼ਤਮ ਹੋਣ ਦੇ ਆਸਾਰ ਹਨ ਅਤੇ ਸਾਨੂੰ ਸਾਰਿਆਂ ਨੂੰ ਇਸ ਨੂੰ ਬਚਾਉਣ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ ਜਿਨ੍ਹਾਂ ਵਿਚ ਇਸ ਨੂੰ ਰਾਜ ਦੀ ਸਰਕਾਰੀ ਭਾਸ਼ਾ ਬਣਾਉਣਾ ਅਤੇ ਇਸ ਵਿਚ ਕੰਮ-ਕਾਜ ਕਰਨਾ ਜ਼ਰੂਰੀ ਤੌਰ 'ਤੇ ਸ਼ਾਮਲ ਹੈ। ਉਨ੍ਹਾਂ ਦੀ ਗੱਲ ਨੂੰ ਅੱਗੇ ਤੋਰਦਿਆਂ ਹੋਇਆਂ ਡਾ. ਸੁਖਦੇਵ ਸਿੰਘ ਝੰਡ ਨੇ ਕਿਹਾ ਕਿ ਪੰਜਾਬੀ ਨੂੰ ਸੰਸਾਰ ਦੀਆਂ 7400 ਭਾਸ਼ਾਵਾਂ ਵਿੱਚੋਂ ਅਹਿਮ ਭਾਸ਼ਾ ਹੋਣ ਦਾ ਮਾਣ ਹਾਸਲ ਹੈ ਅਤੇ ਸਾਡੇ ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਸਾਹਿਤਕਾਰਾਂ ਨੇ ਇਸ ਦੇ ਵਿਚ ਆਪਣੀ ਬਾਣੀ ਅਤੇ ਵੱਖ-ਵੱਖ ਰਚਨਾਵਾਂ ਰਚ ਕੇ ਇਸ ਨੂੰ ਅਮੀਰ ਬਣਾਇਆ ਹੈ। ਹੁਣ ਸਮੇਂ ਨਾਲ ਇਸ ਵਿੱਚੋਂ ਕਈ ਸ਼ਬਦ ਅਲੋਪ ਹੁੰਦੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਥਾਂ 'ਤੇ ਦੂਸਰੀਆਂ ਭਾਸ਼ਾਵਾਂ ਵਿਚੋਂ ਬਹੁਤ ਸਾਰੇ ਨਵੇਂ ਸ਼ਬਦ ਇਸ ਵਿਚ ਬੜੀ ਤੇਜ਼ੀ ਨਾਲ ਸ਼ਾਮਲ ਹੋ ਰਹੇ ਹਨ ਜਿਨ੍ਹਾਂ ਨੂੰ 'ਜੀ ਆਇਆਂ' ਕਹਿਣਾ ਬਣਦਾ ਹੈ। ਉਨ੍ਹਾਂ ਕਿਹਾ ਕਿ ਭਾਸ਼ਾ ਕਦੇ ਨਹੀਂ ਮਰਦੀ, ਉਸ ਦੇ ਕਈ ਸ਼ਬਦ ਹੀ ਮਰਦੇ ਹਨ ਅਤੇ ਹੋਰ ਕਈ ਨਵੇਂ ਸ਼ਬਦ ਉਨ੍ਹਾਂ ਦੀ ਥਾਂ ਲੈ ਲੈਂਦੇ ਹਨ। ਉਨ੍ਹਾਂ ਪੰਜਾਬੀ ਮਾਪਿਆਂ ਨੂੰ ਆਪਣੇ ਘਰਾਂ ਵਿਚ ਆਪਣੇ ਬੱਚਿਆਂ ਨਾਲ ਪੰਜਾਬੀ ਵਿਚ ਗੱਲਬਾਤ ਕਰਨ ਅਤੇ ਇਸ ਨੂੰ ਆਪਸੀ ਬੋਲ-ਚਾਲ ਦੀ ਭਾਸ਼ਾ ਬਨਾਉਣ ਉੱਪਰ ਜ਼ੋਰ ਦਿੱਤਾ।

ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਦੱਸਿਆ ਕਿ ਅੰਗਰੇਜ਼ੀ ਵਿਚ 60 ਤੋਂ 70 ਫ਼ੀਸਦੀ ਸ਼ਬਦ ਦੂਸਰੀਆਂ ਭਾਸ਼ਾਵਾਂ ਦੇ ਹਨ। ਉਨ੍ਹਾਂ ਕਿਹਾ ਕਿ 'ਸ਼ਬਦ' ਉਹ ਹੈ ਜੋ ਲੋਕਾਂ ਵੱਲੋਂ ਬੋਲਿਆ ਜਾਂਦਾ ਹੈ ਅਤੇ ਡਿਕਸ਼ਨਰੀਆਂ ਵਿਚਲੇ ਸ਼ਬਦ 'ਸ਼ਬਦ' ਨਹੀਂ ਹਨ। ਉਨ੍ਹਾਂ ਦੇ ਅਨੁਸਾਰ ਭਾਸ਼ਾ ਇਕ ਦੂਸਰੇ ਨਾਲ ਗੱਲਬਾਤ ਕਰਨ ਦਾ ਸੰਚਾਰ-ਮਾਧਿਅਮ ਹੈ ਅਤੇ ਸ਼ਬਦ ਇਸ ਦੇ ਸਾਧਨ ਮਾਤਰ ਹਨ। ਇਸ ਦੌਰਾਨ ਪਰਮਜੀਤ ਸਿੰਘ ਗਿੱਲ ਦਾ ਕਹਿਣਾ ਸੀ ਕਿ ਕੋਈ ਵੀ ਭਾਸ਼ਾ ਓਨਾ ਚਿਰ ਵਿਕਾਸ ਨਹੀਂ ਕਰ ਸਕਦੀ ਜਿੰਨਾ ਚਿਰ ਉਸ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਨਹੀਂ ਹੁੰਦੀ। ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਅਜੋਕੀ ਤਰਸਯੋਗ ਸਥਿਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉੱਥੇ ਪ੍ਰਾਈਵੇਟ ਸਕੂਲਾਂ ਵਿਚ ਅੰਗਰੇਜ਼ੀ ਅਤੇ ਹਿੰਦੀ ਪੜ੍ਹਨ ਅਤੇ ਇਨ੍ਹਾਂ ਭਾਸ਼ਾਵਾਂ ਵਿਚ ਹੀ ਗੱਲਬਾਤ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਕਈਆਂ ਸਕੂਲਾਂ ਵਿਚ ਤਾਂ ਵਿਦਿਆਰਥੀਆਂ ਵੱਲੋਂ ਪੰਜਾਬੀ ਬੋਲਣ 'ਤੇ ਉਨ੍ਹਾਂ ਨੂੰ ਜੁਰਮਾਨਾ ਵੀ ਕੀਤਾ ਜਾਂਦਾ ਹੈ। ਹੁਣ ਪੰਜਾਬੀ ਕੇਵਲ ਸਰਕਾਰੀ ਸਕੂਲਾਂ ਵਿਚ ਹੀ ਦਲਿਤ ਅਤੇ ਯੂ.ਪੀ., ਮੱਧ ਪ੍ਰਦੇਸ਼, ਬਿਹਾਰ ਤੇ ਹੋਰ ਰਾਜਾਂ ਤੋਂ ਆਏ ਭਈਆਂ ਦੇ ਬੱਚੇ ਹੀ ਪੜ੍ਹ ਰਹੇ ਹਨ। ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਉਨ੍ਹਾਂ ਦੇ ਇਸ ਕਥਨ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ ਕਿ ਇਹ ਚਿੱਟੇ ਦਿਨ ਵਰਗੀ ਸੱਚਾਈ ਹੈ ਅਤੇ ਇਸ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਪੰਜਾਬ ਅਤੇ ਅਮਰੀਕਾ, ਕੈਨੇਡਾ ਵਰਗੇ ਇਨ੍ਹਾਂ ਵਿਕਸਤ ਦੇਸ਼ਾਂ ਵਿਚ ਬੱਚੇ ਪੰਜਾਬੀ ਪੜ੍ਹਨਾ ਨਹੀਂ ਚਾਹੁੰਦੇ ਅਤੇ ਉਹ ਅੰਗਰੇਜ਼ੀ, ਸਪੈਨਿਸ਼, ਫ਼ਰੈਂਚ ਤੇ ਹੋਰ ਭਾਸ਼ਾਵਾਂ ਨੂੰ ਤਰਜੀਹ ਦੇ ਰਹੇ ਹਨ। ਸਭਾ ਦੇ ਇਕ ਹੋਰ ਸਰਗ਼ਰਮ ਮੈਂਬਰ ਸੇਵਾ-ਮੁਕਤ ਵਕੀਲ ਦਰਸ਼ਨ ਸਿੰਘ ਦਰਸ਼ਨ ਵੱਲੋਂ ਵੀ ਆਪਣੇ ਸੰਬੋਧਨ ਪੰਜਾਬੀ ਭਾਸ਼ਾ ਲਈ ਸਰਕਾਰੀ ਸਰਪ੍ਰਸਤੀ ਦੀ ਜ਼ੋਰਦਾਰ ਵਕਾਲਤ ਕੀਤੀ ਗਈ ਅਤੇ ਉਨ੍ਹਾਂ ਕਿਹਾ ਕਿ ਦੁਖ ਦੀ ਗੱਲ ਹੈ ਕਿ ਪੰਜਾਬ ਦੀਆਂ ਅਜੋਕੀਆਂ ਸਰਕਾਰਾਂ ਇਸ ਜ਼ਿੰਮੇਂਵਾਰੀ ਤੋਂ ਪਿੱਛੇ ਹੱਟ ਰਹੀਆਂ ਹਨ।

ਸਮਾਗਮ ਦੇ ਦੂਸਰੇ ਸੈਸ਼ਨ ਵਿਚ ਕਈ ਦਰਬਾਰ ਦੇ ਸੰਚਾਲਨ ਦੀ ਜ਼ਿੰਮੇਂਵਾਰੀ ਸਭਾ ਦੇ ਕੋਆਰਡੀਨੇਟਰ ਪਰਮਜੀਤ ਢਿੱਲੋਂ ਨੇ ਸੰਭਾਲੀ ਅਤੇ ਵਾਰੋ-ਵਾਰੀ ਜਨਾਬ ਮਕਸੂਦ ਚੌਧਰੀ, ਸੁਰਿੰਦਰ ਸ਼ਰਮਾ, ਸੁਖਦੇਵ ਝੰਡ, ਪ੍ਰੀਤਮ ਧੰਜਲ, ਸਤਿੰਦਰ ਕਾਹਲੋਂ, ਸੁਰਜੀਤ ਕੌਰ, ਇਕਬਾਲ ਬਰਾੜ, ਲਖਬੀਰ ਸਿੰਘ ਕਾਹਲੋਂ, ਰਮੇਸ਼, ਗਿਆਨ ਸਿੰਘ ਦਰਦੀ, ਦਰਸ਼ਨ ਸਿੱਧੂ, ਪਰਮਜੀਤ ਬਾਸੀ, ਪਰਮਜੀਤ ਦਿਓਲ, ਤਲਵਿੰਦਰ ਮੰਡ, ਡਾ. ਪਰਗਟ ਸਿੰਘ ਬੱਗਾ, ਜਰਨੈਲ ਸਿੰਘ ਮੱਲ੍ਹੀ ਅਤੇ ਕਰਨ ਅਜਾਇਬ ਸਿੰਘ ਸੰਘਾ ਨੂੰ ਆਪਣੀ ਰਚਨਾਵਾਂ ਪੇਸ਼ ਕਰਨ ਲਈ ਮੰਚ 'ਤੇ ਆਉਣ ਦਾ ਸੱਦਾ ਦਿੱਤਾ। ਜਿੱਥੇ ਹੋਰ ਸਾਰੇ ਕਵੀਆਂ/ਕਵਿੱਤਰੀਆਂ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਸੁਣਾਈਆਂ, ਉੱਥੇ ਇਕਬਾਲ ਬਰਾੜ ਨੇ ਆਪਣੀ ਸੁਰੀਲੀ ਆਵਾਜ਼ ਵਿਚ ਮਸ਼ਹੂਰ ਲੋਕਗੀਤ 'ਕਿਤੇ ਤਾਂ ਲਾਨੀਆਂ ਟਾਹਲੀਆਂ, ਪੱਤਾਂ ਵਾਲੀਆਂ, ਨੀ ਮੇਰਾ ਪਤਲਾ ਮਾਹੀ', ਰਮੇਸ਼ ਨੇ ਚਰਨ ਸਿੰਘ ਸਫ਼ਰੀ ਦਾ ਇਕ ਗੀਤ ਅਤੇ ਲਖਬੀਰ ਕਾਹਲੋਂ ਨੇ 'ਹੀਰ' ਦੇ ਕੁਝ ਬੰਦ ਗਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਕਰਨ ਅਜਾਇਬ ਸਿੰਘ ਸੰਘਾ ਨੇ ਪ੍ਰਧਾਨਗੀ-ਭਾਸ਼ਨ ਵਿਚ ਮਲੂਕ ਸਿੰਘ ਕਾਹਲੋਂ ਦੇ ਪਰਿਵਾਰਿਕ ਪਿਛੋਕੜ ਦੀ ਗੱਲ ਕਰਦਿਆਂ ਹੋਇਆਂ ਉਨ੍ਹਾਂ ਨੂੰ ਵਿਰਸੇ ਵਿਚ ਮਿਲੀਆਂ ਨਿੱਗਰ ਕਦਰਾਂ-ਕੀਮਤਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ .ਪੰਜਾਬੀ ਭਾਸ਼ਾ ਦੀ ਅਜੋਕੀ ਸਥਿਤੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੇ ਅਖ਼ੀਰ ਵੱਲ ਵੱਧਦਿਆਂ ਬਲਰਾਜ ਚੀਮਾ ਵੱਲੋਂ ਆਏ ਮਹਿਮਾਨਾਂ ਅਤੇ ਸਭਾ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਦਾ ਵਿਸ਼ੇਸ਼ ਹਾਸਲ ਸੀ ਇਸ ਵਿਚ ਕਈ ਨਵੇਂ ਕਵੀ/ਕਵਿੱਤਰੀਆਂ ਦਰਸ਼ਨ ਸਿੱਧੂ, ਰਮੇਸ਼, ਸਤਿੰਦਰ ਕਾਹਲੋਂ, ਸੁਰਜੀਤ ਕੌਰ, ਪਰਮਜੀਤ ਬਾਸੀ ਆਦਿ ਸ਼ਾਮਲ ਹੋਏ ਅਤੇ ਉਨ੍ਹਾਂ ਅੱਗੋਂ ਵੀ ਇੰਜ ਹੀ ਸਭਾ ਦੇ ਸਮਾਗਮਾਂ ਵਿਚ ਸ਼ਾਮਲ ਹੋਣ ਦੀ ਇੱਛਾ ਜ਼ਾਹਿਰ ਕੀਤੀ। ਹਾਜ਼ਰੀਨ ਵਿਚ ਜਸਵਿੰਦਰ ਸਿੰਘ, ਬਿਅੰਤ ਸਿੰਘ ਵਿਰਦੀ, ਕਾਮਰੇਡ ਸੁਖਦੇਵ ਧਾਲੀਵਾਲ ਤੋਂ ਇਲਾਵਾ ਕਈ ਹੋਰ ਸ਼ਾਮਲ ਸਨ।

## ਕੁਦਰਤੀ ਫਿਊਨਰਲ

ਸੰਘਣੇ ਜੰਗਲ ਵਿੱਚ ਇੱਕ ਜਗ੍ਹਾ ਜੰਗਲੀ ਝੋਟਿਆਂ ਦਾ ਇੱਕ ਟੋਲਾ ਘਾ ਚਰ ਰਿਹਾ ਹੈ ਜਦਕਿ ਭੁੱਖੇ ਸ਼ੇਰਾਂ ਦਾ ਇੱਕ ਟੋਲਾ ਲਾਗੇ ਦੀਆਂ ਝਾੜੀਆਂ ਓਹਲੇ ਘਾਤ ਲਾ ਕੇ ਅੱਗੇ ਵਧ ਰਿਹਾ ਹੈ। ਝੋਟੇ ਚੌਕੰਨੇ ਹਨ ਅਤੇ ਵਾਰ ਵਾਰ ਸਿਰ ਚੁੱਕ ਆਸੇ ਪਾਸੇ ਨਿਗਾਹ ਮਾਰ ਲੈਂਦੇ ਹਨ ਪਰ ਖਤਰਾ ਬਹੁਤ ਕਰੀਬ ਪਹੁੰਚ ਗਿਆ ਹੈ। ਅਚਾਨਕ ਹਮਲੇ ਤੋਂ ਜਾਨਵਰਾਂ ਦੇ ਝੁੰਡ ਵਿੱਚ ਭਗਦੜ ਮੱਚ ਗਈ ਤੇ ਓਹ ਬੇਤਹਾਸ਼ਾ ਦੌੜਨ ਲੱਗੇ। ਸਭ ਤੋਂ ਪਿਛਾਂਹ ਰਹਿ ਗਏ ਇੱਕ ਝੋਟੇ ਨੂੰ ਸ਼ੇਰਾਂ ਦਾ ਝੁੰਡ ਟੁੱਟ ਕੇ ਪੈ ਗਿਆ ’ਤੇ ਉਸ ਨੂੰ ਡੇਗਣ ’ਚ ਕਾਮਯਾਬ ਹੋ ਗਏ। ਤਾਕਤਵਰ ਝੋਟੇ ਪੂਰੀ ਵਾਹ ਲਾਈ ਪਰ ਓਹਨਾਂ ਦੇ ਚੰਗੁਲ ਵਿੱਚੋਂ ਨਿਕਲ ਨਾ ਸਕਿਆ ਅਤੇ ਛੇਤੀ ਨਿਢਾਲ ਪੈ ਗਿਆ। ਸੇਰਾਂ ਉਸ ਨੂੰ ਪਾੜ ਖਾਣਾ ਸ਼ੁਰੂ ਕਰ ਦਿੱਤਾ। ਭੁੱਖੇ ਸ਼ੇਰਾਂ ਦੀ ਇਸ ਦਾਅਵਤ ਨੂੰ ਗਿੱਦੜ ਭਾਈਚਾਰੇ ਦਾ ਟੋਲਾ ਲਲਚਾਈਆਂ ਅੱਖਾਂ ਨਾਲ ਦੇਖ ਰਿਹਾ ਸੀ ਪਰ ਜੋਰਾਵਰਾਂ ਤੋਂ ਡਰਦਾ ਨੇੜੇ ਨਹੀਂ ਜਾ ਸਕਦਾ ਸੀ। ਜਦ ਸ਼ੇਰ ਢਿੱਡ ਭਰ ਜਾਣ ਉਪਰੰਤ ਓਥੋਂ ਚਲੇ ਗਏ ਤਾਂ ਗਿੱਦੜ ਬਰਾਦਰੀ ਨੇ ਮੋਰਚਾ ਸੰਭਾਲਿਆ। ਹੁਣ ਇੱਕ ਹੋਰ ਜੱਥਾ ਇਸ ਕੁਦਰਤੀ ਫਿਊਨਰਲ ਵਿੱਚ ਹੱਥ ਵਟਾਉਣ ਆ ਜੁਟਿਆ ਸੀ। ਇਹ ਸਨ ਕਾਂ ਅਤੇ ਗਿਰਝਾਂ ਦੀ ਬਰਾਦਰੀ। ਕੁਝ ਘੰਟਿਆਂ ਉਪਰੰਤ ਇਸ ਜਗ੍ਹਾ ਜਾਨਵਰ ਦਾ ਅਸਥੀ ਪਿੰਜਰ ਹੀ ਨਜਰ ਆ ਰਿਹਾ ਸੀ। ਸਭ ਤੋਂ ਸਬਰ ਸੰਤੋਖ ਵਾਲਾ ਕੀੜਿਆਂ ਦਾ ਦਲ ਵੀ ਵੇਲੇ ਸਿਰ ਆਪਣਾ ਫਰਜ਼ ਨਿਭਾਉਣ ਅੱਪੜ ਗਿਆ ਹੈ। ਅਗਲੇ ਕੁਝ ਦਿਨ ਇਨ੍ਹਾਂ ਦੀ ਸੈਨਾ ਨੇ ਜੰਗੀ ਪੱਧਰ ’ਤੇ ਆਪਣਾ ਕੰਮ ਨਿਬੇੜਨਾ ਹੈ ਪਰ ਇਹ ਕਾਰਜ ਅੰਤਮ ਨਹੀਂ। ਜਾਨਵਰ ਦੇ ਸ਼ਰੀਰ ਦਾ ਪੰਜ ਤੱਤਾਂ ਵਿੱਚ ਵਿਲੀਨ ਹੋਣ ਦਾ ਅੰਤਮ ਐਪੀਸੋਡ ਹਾਲੇ ਸੂਖਮ ਜੀਵਾਂ (ਬੈਕਟੀਰਿਆ) ਨੇ ਸਿਰੇ ਚਾੜ੍ਹਨਾ ਹੈ। ਕੁਝ ਦਿਨਾਂ ਉਪਰੰਤ ਇੱਥੇ ਮਿੱਟੀ ਦੇ ਨਿੱਕੇ ਢੇਰ ਤੋਂ ਅਲਾਵਾ ਕੁਝ ਵੀ ਨਜ਼ਰ ਨਹੀਂ ਆ ਰਿਹਾ। ਇੱਕ ਬਾਰਿਸ਼ ਦੌਰਾਨ ਇਹ ਰਹਿੰਦ ਖੂੰਹਦ ਧਰਤੀ ਅੰਦਰ ਸਮਾ ਗਈ। ਪਰ ਜੀਵਨ ਚੱਕਰ ਤਾਂ ਚਲਦੇ ਰਹਿਣਾ ਹੈ ਜੋ ਕੁਦਰਤ ਦਾ ਅਟਲ ਨੇਮ ਹੈ। ਅਗਲੀ ਵਸੰਤ ਰੁੱਤੇ ਇਸ ਜਗ੍ਹਾ ਕੁਝ ਫੁੱਲ ਬੂਟੇ ਲਹਿਲਹਾ ਰਹੇ ਨਜ਼ਰੀਂ ਪੈਂਦੇ ਹਨ ਜਿਨ੍ਹਾਂ ਜੀਵਨ ਚੱਕਰ ਦਾ ਅਗਲਾ ਗੇੜ ਅਰੰਭ ਕਰਨਾ ਹੈ। ਹੈ ਇਹੋ ਹਮਾਰਾ ਜੀਵਣਾ।

ਆਓ ਇੱਕ ਹੋਰ ਦਿਲਚਸਪ ਵਿਸ਼ਾ ਛੋਹੀਏ। ਕੀ ਓਪਰੋਕਤ ਕੁਦਰਤੀ ਫਿਊਨਰਲ ਇਨਸਾਨਾ ਲਈ ਲਾਗੂ ਹੋ ਸਕਦਾ ਹੈ? ਸ਼ਾਇਦ ਅੱਜ ਇਨਸਾਨੀ ਸੰਵੇਦਨਾ ਇਸ ਲਈ ਬਿਲਕੁਲ ਤਿਆਰ ਨਹੀਂ ਪਰ ਜਨਾਬ ਇਸ ਦਾ ਆਗਾਜ਼ ਹੋ ਚੁੱਕਾ ਹੈ। ਜੀ ਹਾਂ, ਪਿਛਲੇ ਦਿਨੀਂ ਵਾਸ਼ਿੰਗਟਨ ਵਿਖੇ ਇਨਸਾਨੀ ਸਰੀਰਾਂ ਨੂੰ ਰੀਕੰਪੋਜੀਸ਼ਨ (ਮੁੜ ਪੰਜ ਤੱਤਾਂ ’ਚ ਵਿਲੀਨ) ਕਰਨ ਦੇ ਪ੍ਰੌਜੈਕਟ ਨੂੰ ਕਾਨੂੰਨ ਵੱਲੋਂ ਹਰੀ ਝੰਡੀ ਮਿਲ ਚੁੱਕੀ ਹੈ। ਇਸ ਵਾਤਾਵਰਣ ਹਿਤਕਾਰੀ ਪਰੀਯੋਜਨਾ ਨੂੰ ਅਮਲ ਵਿੱਚ ਲਿਆਉਣ ਲਈ 1977 ਵਿੱਚ ਜੰਮੀ ਕੈਟਰੀਨਾ ਸਪੇਡ ਨੇ ਲੰਮੀ ਕਨੂੰਨੀ ਲੜਾਈ ਲੜ ਜਿੱਤ ਹਾਸਲ ਕੀਤੀ ਜਿਸ ਲਈ ਉਸ ਨੂੰ ਕਈ ਤਰ੍ਹਾਂ ਦੇ ਮਾਣ ਸਨਮਾਨ ਮਿਲੇ ਹਨ। ਅੱਜ ਅਸੰਭਵ ਲੱਗ ਰਹੇ ਇਸ ਵਰਤਾਰੇ ’ਤੇ ਅਮਲ ਭਵਿਸ਼ ਦੀ ਸੱਚਾਈ ਹੈ। ਬਣੀਆਂ ਲਕੀਰਾਂ ’ਤੇ ਚੱਲਣ ਗਿੱਝੇ ਲੋਕ ਬਹੁਤਾ ਚਿਰ ਇਸ ਦਾ ਵਿਰੋਧ ਨਹੀਂ ਕਰ ਸਕਣਗੇ। ਰੁਕਾਵਟਾਂ ਦੇ ਬਾਵਜੂਦ ਦੁਨੀਆਂ ਬਦਲਦੀ ਰਹੀ ਹੈ ’ਤੇ ਅੱਗੇ ਵੀ ਬਦਲਦੀ ਰਹੇਗੀ। ਆਮੀਨ!

ਹਰਜੀਤ ਦਿਓਲ, ਬਰੈਂਪਟਨ

## ਅਕਾਲੀ ਨੇਤਾ ਤੇ ਮਾਰਕੀਟ ਕਮੇਟੀ ਦਾ ਸਾਬਕਾ ਚੇਅਰਮੈਨ ਅਫੀਮ ਤੇ ਸ਼ਰਾਬ ਸਮੇਤ ਕਾਬੂ



ਤਪਾ, 20 ਅਗਸਤ (ਪੋਸਟ ਬਿਊਰੋ)- ਤਾਜੋਕੇ ਰੋਡ ਉੱਤੇ ਫਤਿਹਦੀਪ ਢਾਬਾ ਚਲਾ ਰਹੇ ਸੀਨੀਅਰ ਅਕਾਲੀ ਨੇਤਾ ਅਤੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਕਰਮਜੀਤ ਸਿੰਘ ਪੁੱਤਰ ਰਾਮ ਸਿੰਘ ਨੂੰ ਸੀ ਆਈ ਏ ਸਟਾਫ ਦੇ ਇੰਸਪੈਕਟਰ ਬਲਜੀਤ ਸਿੰਘ ਨੇ ਥਾਣਾ ਤਪਾ ਦੀ ਪੁਲਸ ਟੀਮ ਦੀ ਮਦਦ ਨਾਲ ਗੁਪਤ ਸੂਚਨਾ ਦੇ ਆਧਾਰ 'ਤੇ ਗਸ਼ਤ ਦੌਰਾਨ 45 ਗਰਾਮ ਅਫੀਮ, 12 ਬੋਤਲ ਸ਼ਹਾਬ ਅਤੇ ਕਰੀਬ 13 ਹਜ਼ਾਰ ਦੀ ਨਕਦੀ ਸਮੇਤ ਕਾਬੂ ਕਰ ਕੇ ਕੇਸ ਦਰਜ ਕੀਤਾ ਹੈ। ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਦੋ ਦਿਨ ਦਾ ਪੁਲਸ ਰਿਮਾਂਡ ਲੈ ਲਿਆ ਹੈ।

ਐਸ ਐਸ ਪੀ ਬਰਨਾਲਾ ਹਰਜੀਤ ਸਿੰਘ ਨੇ ਦੱਸਿਆ ਕਿ ਗਸ਼ਤ ਦੇ ਦੌਰਾਨ ਤਾਜੋਕੇ ਰੋਡ ਉਤੇ ਅਕਾਲੀ ਨੇਤਾ ਦੇ ਫਤਿਹਦੀਪ ਢਾਬਾ ਉੱਤੇ ਰੇਡ ਕਰ ਕੇ 45 ਗਰਾਮ ਅਫੀਮ, ਸ਼ਰਾਬ ਰਾਇਲ ਸਟੈਗ ਹਰਿਆਣਾ ਅਤੇ ਜੂਆ ਖੇਡਣ ਵਾਲਿਆਂ ਤੋਂ ਕਰੀਬ 13 ਹਜ਼ਾਰ ਦੀ ਨਕਦੀ ਤੇ ਇੱਕ ਬੰਦੂਕ 12 ਬੋਰ ਡਬਲ ਬੈਰਲ ਬਰਾਮਦ ਕੀਤੀ ਗਈ ਹੈ। ਪੁਲਸ ਨੇ ਦੱਸਿਆ ਕਿ ਇਹ ਬੰਦੂਕ ਲਾਇਸੈਂਸੀ ਹੈ, ਪ੍ਰੰਤੂ ਸਾਬਕਾ ਚੇਅਰਮੈਨ ਕਰਮਜੀਤ ਸਿੰਘ ਪੋਲਾ ਦੇ ਨਾਂਅ ਦੀ ਨਹੀਂ ਬਲਕਿ ਕਿਸੇ ਹੋਰ ਵਿਅਕਤੀ ਦੇ ਨਾਂਅ ਉੱਤੇ ਹੈ। ਪੁਲਸ ਨੇ ਸਾਬਕਾ ਚੇਅਰਮੈਨ ਕਰਮਜੀਤ ਸਿੰਘ ਉਰਫ ਪੋਲਾ ਵਾਸੀ ਤਾਜੋਕੇ ਤੇ ਕੁਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਕੇ ਰਿਮਾਂਡ ਉੱਤੇ ਲਿਆ ਹੈ।

## ਰਿਸ਼ਤੇ

-ਅਮਰਜੀਤ ਕੌਰ



ਮਨੁੱਖ ਇੱਕ ਸਾਮਾਜਿਕ ਜੀਵ ਹੈ,ਜ਼ੀਂਦਿਗੀ ਵਿੱਚਰਦਿਆਂ ਦੂਜੇ ਕਈ ਹੋਰ ਮਨੁੱਖਾਂ ਨਾਲ ਲੈਣ ਦੇਣ ਹੁੰਦਾ ਰਹਿੰਦਾ ਹੈ, ਵਿਚਾਰ ਵਟਾਂਦਰਾ ਚਲਦਾ ਰਹਿੰਦਾ ਹੈ।ਇਸੇ ਕਾਰਗੁਜ਼ਾਰੀ ਅਤੇ ਸੰਬੰਧਾਂ ਨੂੰ ਰਿਸ਼ਤਿਆਂ ਦਾ ਨਾਂਓ ਦਿੱਤਾ ਜਾਂਦਾ ਹੈ।ਰਿਸ਼ਤੇ ਕਈ ਕਿਸਮਾਂ ਦੇ ਹੋ ਨਿਬੇੜੇ ਹਨ।

ਬਹੁਤੇ ਰਿਸ਼ਤੇ ਤਾਂ ਸਾਡੇ ਰੱਬੀ ਸਬੱਬੀ ਹੀ ਬਣ ਜਾਂਦੇ ਹਨ।ਇਨਸਾਨ ਦੇ ਜਨਮ ਲੈਣ ਨਾਲ ਸਾਡੇ ਸੰਬੰਧ ਮਾਂ,ਬਾਪ ,ਦਾਦਕੇ,ਨਾਨਕੇ ਅਤੇ ਹੋਰ ਦੂਰ ਦੁਰੇਡੇ ਰਿਸ਼ਤੇਦਾਰਾਂ ਨਾਲ ਆਪੇ ਹੀ ਜੁੜ ਜਾਂਦੇ ਹਨ।ਇਹਨਾਂ ਨੂੰ ਕੁਦਰਤੀ ਰਿਸ਼ਤਿਆਂ ਦਾ ਨਾਮ ਦਿੱਤਾ ਜਾਂਦਾ ਹੈ।ਇਹ ਇਨਸਾਨ ਦੀ ਜ਼ੀਂਦਿਗੀ ਪੂਰੇ ਹੋਣ ਤੱਕ ਔਖੇ ਸੌਖੇ ,ਸ਼ਿਕਵੇ ਸ਼ਿਕਾਇਤਾਂ ਅਤੇ ਗੁੱਸੇ ਗਿਲੇ ਹੁੰਦਿਆਂ ਹੋਇਆਂ ਵੀ ਚੱਲਦੇ ਰਹਿੰਦੇ ਹਨ।

ਜਿਵੇਂ ਜਿਵੇਂ ਬੱਚਾ ਵੱਡਾ ਹੁੰਦਾ ਜਾਂਦਾ ਹੈ,ਘਰੋਂ ਬਾਹਰ ਨਿਕਲਣਾ ਸ਼ੁਰੂ ਕਰਦਾ ਹੈ,ਸਕੂਲ ਕਾਲਜ ,ਯੂਨੀਵਰਸਿਟੀ ਜਾਂ ਹੋਰ ਸਿੱਖਿਆ ਵਾਸਤੇ ਜਾਂ ਫਿਰ ਨੌਕਰੀ ਵਾਸਤੇ ਜਾਂਦਾ ਹੈ ਤਾਂ ਉਸ ਦੇ ਬਹੁਤ ਸਾਰੇ ਲੋਕਾਂ ਨਾਲ ਸੰਬੰਧ ਜੁੜ ਜਾਂਦੇ ਹਨ ;ਇਹ ਰਿਸ਼ਤੇ ਸਮਾਜਿਕ ਕਹਾਉਂਦੇਂ ਹਨ।ਇਹਨਾਂ ਵਿੱਚੋਂ ਕੁਝ ਆਪਣੀ ਪਸੰਦ ਤੇ ਮਰਜ਼ੀ ਨਾਲ ਬਣਦੇ ਹਨ ਅਤੇ ਕੁਝ ਰਵਾਇਤੀ ਤੌਰ ਤੇ ਹੀ ਬਣੇ ਰਹਿੰਦੇ ਹਨ।ਇਹਨਾਂ ਨੂੰ ਨਿਭਾਉਣ ਦੀ ਕੋਈ ਮਜਬੂਰੀ ਨਹੀਂ ਹੁੰਦੀ।

ਕੁਝ ਰਿਸ਼ਤੇ ਮਨੁੱਖ ਦਾ ਵਿਆਹ ਹੋਣ ਨਾਲ ਬਣ ਜਾਂਦੇ ਹਨ।ਪਤੀ ਪਤਨੀ ਦੇ ਸਭ ਰਿਸ਼ਤੇਦਾਰ ਆਪੋ ਵਿੱਚ ਆਪਣੇ ਆਪ ਹੀ ਬੱਝ ਜਾਂਦੇ ਹਨ।

ਕੁੱਝ ਰਿਸ਼ਤੇ ਧਰਮ ਨਾਲ ਵੀ ਬਣ ਜਾਂਦੇ ਹਨ ਅਰਥਾਤ ਸਾਡੇ ਵਿੱਚੋਂ ਕੁਝ ਲੋਕ ਗੁਰੂ ਧਾਰਨ ਕਰਦੇ ਹਨ ;ਜਿੰਨੇ ਵੀ ਲੋਕਾਂ ਨੇ ਉਸੇ ਨੂੰ ਹੀ ਗੁਰੂ ਧਾਰਿਆ ਹੁੰਦਾ ਹੈ ਉਹਨਾਂ ਵਿੱਚ ਗੁਰਭਾਈ ਹੋਣ ਦਾ ਰਿਸ਼ਤਾ ਬਣ ਜਾਂਦਾ ਹੈ।

ਕੁਝ ਸੰਬੰਧ ਨਾ ਚਾਹੁੰਦੇ ਹੋਏ ਵੀ ਸਾਨੂੰ ਲੋਕਾਂ ਨੂੰ ਨਿਭਾਉਣੇ ਪੈਂਦੇ ਹਨ ਉਹ ਮਜਬੂਰੀ ਦੇ ਰਿਸ਼ਤੇ ਅਖਵਾਂਉਦੇ ਹਨ।

ਸੋ ਅਸੀਂ ਦੇਖਦੇ ਹਾਂ ਕਿ ਮਨੁੱਖ ਨਾਲ ਮਨੁੱਖ ਦੇ ਰਿਸ਼ਤੇ ਕਰੀ ਪ੍ਰਕਾਰ ਦੇ ਹੁੰਦੇ ਹਨ ਪਰ ਇਹਨਾਂ ਵਿੱਚ ਇੱਕ ਸਮਾਨਤਾ ਜ਼ਰੂਰ ਹੁੰਦੇ ਹਨ ਕਿ ਇਹ ਸਭ ਅਸਥਾਈ ਹੁੰਦੇ ਹਨ।ਕਿਉਂਕਿ ਜਦ ਮਨੁੱਖ ਹੀ ਅਸਥਾਈ ਹੈ ਮਤਲਬ ਨਾਸ਼ਵਾਨ ਹੈ ਤਾਂ ਮਨੁੱਖ ਦੇ ਖਤਮ ਹੋ ਜਾਣ ਨਾਲ ਰਿਸ਼ਤਿਆਂ ਦੇ ਲੇਬਲ ਹੀ ਰਹਿ ਜਾਂਦੇ ਹਨ।

ਪਰੰਤੂ ਇੱਕ ਰਿਸ਼ਤਾ ਜੋ ਸਭ ਤੋਂ ਅਨਮੋਲ ਅਤੇ ਸਦੀਵੀ ਹੈ ਉਹ ਹੈ ਸਾਡੀ ਆਤਮਾ ਦਾ ਪਰਮਾਤਮਾ ਨਾਲ ਜੁੜਨਾ ਤੇ ਪੱਕਾ ਰਿਸ਼ਤਾ ਬਨਾਉਣਾ ਤੇ ਕਾਇਮ ਰੱਖਣਾ। ਕਿਉਂਕਿ ਪਰਮ-ਾਤਮਾ ਆਦਿ ਜੁਗਾਦਿ ਸੱਚ ਹੈ ਅਤੇ ਆਤਮਾ ਵੀ ਕਦੇ ਨਸ਼ਟ ਨਹੀਂ ਹੁੰਦੀ ਇਸਲਈ ਬਾਕੀ ਦੇ ਰਿਸ਼ਤਿਆਂ ਦੇ ਨਾਲ ਨਾਲ ਇਹ ਸਬੰਧ ਵੀ ਜ਼ਰੂਰ ਬਨਾਉਣਾ ਚਾਹੀਦਾ ਹੈ।ਇਸ ਰਿਸ਼ਤੇ ਦੇ ਬਣਨ ਨਾਲ ਸਾਡੇ ਵਿੱਚ ਇਸਤਰਾਂ ਦੇ ਗੁਣ ਆ ਜਾਂਦੇ ਅਤੇ ਸਾਰੇ ਰਿਸ਼ਤੇ ਸਮਾਜਾਂਦੇ ਹਨ।ਗੁਰੂ ਸਾਹਿਬ ਨੇ ਵੀ ਤਾਂ ਫ਼ਰਮਾਇਆ ਹੈ:

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ਤੂੰ ਮੇਰਾ ਬੰਧਪ ਤੂੰ ਮੇਰਾ ਭਰਾਤਾ।

ਅਮਰਜੀਤ ਕੌਰ
ਬਰੈਂਪਟਨ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

**ਜਸਵੰਤ ਸਿੰਘ ਕੰਵਲ ਨੇ ਸੌ ਸਾਲ ਜਿਊਣ ਤੇ ਅੱਸੀ ਸਾਲ ਲਗਾਤਾਰ ਲਿਖਣ ਦਾ ਰਿਕਾਰਡ ਰੱਖ ਦਿੱਤੈ। ਉਸ ਨੇ ਦਸਵੀਂ 'ਚੋਂ ਫੇਲ੍ਹ ਹੋ ਕੇ ਚੌਕੀਦਾਰੀ, ਕਲੱਰਕੀ, ਕਿਸਾਨੀ, ਸਰਪੰਚੀ, ਸਾਹਿਤਕਾਰੀ, ਕੇਂਦਰੀ ਪੰਜਾਬੀ ਸਾਹਿਤ ਸਭਾ ਦੀ ਸਕੱਤਰੀ, ਪ੍ਰਧਾਨਗੀ, ਸਰਪ੍ਰਸਤੀ, ਕਾਨਫ੍ਰੰਸਾਂ/ਕਨਵੈਨਸ਼ਨਾਂ ਦੀ ਕਨਵੀਨਰੀ,ਸਾਹਿਤ ਟ੍ਰੱਸਟ ਢੁੱਡੀਕੇ ਦੀ ਸਥਾਪਤੀਤੇ ਹੋਰ ਕਈ ਕੁਝ ਕਰਨ ਦੇ ਨਾਲਮੁਹੱਬਤ ਵੀ ਕੀਤੀ। ਉਹਦੇ ਗਰਾਈਂ ਪ੍ਰਿੰ.ਸਰਵਣ ਸਿੰਘ ਦੀ ਉਹਦੇ ਬਾਰੇ ਲਿਖੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੇਸ਼ ਹੈ ਕੰਵਲ ਦਾ ਮੁਹੱਬਤਨਾਮੇ ਵਾਲਾ ਕਾਂਡ। ਪੁਸਤਕ ਪੀਪਲਜ਼ ਫੋਰਮ ਬਰਗਾੜੀ ਨੇ ਛਾਪੀ ਹੈ ਜਿਨ੍ਹਾਂ ਦਾ ਫੋਨ 01191-98729-89313 ਹੈ।**

# ਕੰਵਲ ਦਾ ਮੁਹੱਬਤਨਾਮਾ-4



-ਪ੍ਰਿੰ. ਸਰਵਣ ਸਿੰਘ-

ਕੰਵਲ ਭਾਵੇਂ ਜਸਵੰਤ ਨਾਲ ਵਿਆਹ ਕਰਾਉਣੋ ਬਚਣਾ ਚਾਹੁੰਦਾ ਸੀ ਪਰ ਜਸਵੰਤ ਗਿੱਲ ਨੇ ਪੇਸ਼ ਨਾ ਜਾਣ ਦਿੱਤੀ। ਇਕ ਦਿਨ ਸੂਰਜਪੁਰ ਨੇੜੇ ਗੁਰਦਵਾਰਾ ਨਾਡਾ ਸਾਹਿਬ ਲੈ ਗਈ। ਦੋਹਾਂ ਨੇ ਗੁਰੂ ਗਰੰਥ ਸਾਹਿਬ ਸਾਹਮਣੇ ਸਿਰ ਨਿਵਾ ਕੇ ਕੌਲ ਇਕਰਾਰ ਕਰ ਲਏ ਕਿ ਜੀਵਨ ਭਰ ਸਾਥੀ ਰਹਾਂਗੇ। ਪਤੀ ਪਤਨੀ ਬਣਨ ਦੀ ਇਹ ਦੋਹਾਂ ਦੀ ਸਹੁੰ ਸੀ ਜਿਸ ਵਿਚ ਗੁਰੂ ਤੋਂ ਸਿਵਾ ਕੋਈ ਤੀਜਾ ਹਾਜ਼ਰ ਨਹੀਂ ਸੀ। ਨਾ ਰਜਿਸਟਰ ਨਾ ਗਵਾਹੀ। ਉਸ ਸਮੇਂਦੀ ਸਥਿਤੀ ਨੂੰ ਕੰਵਲ ਨੇ ਆਪਣੀ ਵਿਥਿਆ ਵਿਚ ਇੰਜ ਬਿਆਨ ਕੀਤਾ ਹੈ:

ਜਸਵੰਤ ਨੇ ਕਿਹਾ, "ਚਲ ਤੁਰ ਮਹਾਰਾਜ ਅੱਗੇ, ਮੇਰੇ ਨਾਲ ਬਰਾਬਰ ਮੱਥਾ ਟੇਕ।"

ਉਸ ਇਕ ਤਰ੍ਹਾਂ ਕੰਨੋਂ ਫੜ ਕੇ ਅੱਗੇ ਤੋਰ ਲਿਆ। ਮੈਂ ਹਾਲੇ ਵੀ ਖ਼ਤਰਿਆਂ ਨੂੰ ਮਹਿਸੂਸ ਕਰਦਾ ਸਾਂ ਕਿਉਂਕਿ ਆਉਣ ਵਾਲੀਆਂ ਔਕੜਾਂ ਨਾਲ ਮੱਥਾ ਲਾਉਣਾ ਪੈਣਾ ਸੀ। ਪਰ ਉਹ ਸ਼ੇਰ ਦੀ ਬੱਚੀ ਅਸਲੋਂ ਬੇਪ੍ਰਵਾਹ ਸੀ।

ਅਸਾਂ ਦੋਹਾਂ ਸੱਚੇ ਦਿਲੋਂ, ਹੱਥ ਜੋੜ, ਗੁਰੂ ਅੱਗੇ ਬਰਾਬਰ ਮੱਥਾ ਜਾ ਟੇਕਿਆ। ਮੇਰੇ ਮੂੰਹੋਂ ਨਿਕਲ ਗਿਆ "ਬਾਬਾ ਗੁਰੂ! ਸਾਡੀ ਲਾਜ ਰੱਖੀਂ; ਤੇਰੇ ਭਟਕੇ ਬੱਚੇ ਆਂ।"

ਗੁਰੂ ਅੱਗੇ ਦਿਲ ਦੇ ਸਾਥ ਨਾਲ ਰਹਿਣ ਦਾ ਪ੍ਰਣ ਕਰ ਕੇ ਅਸੀਂ ਗੁਰੂ ਘਰ ਤੋਂ ਬਾਹਰ ਆ ਗਏ।

"ਅੱਜ ਮੈਂ ਤੁਹਾਨੂੰ ਸੱਚੇ ਦਿਲੋਂ ਪਾ ਕੇ ਬੇਹੱਦ ਖ਼ੁਸ਼ ਆਂ। ਤੁਹਾਡੀਆਂ ਝਿਜਕਾਂ ਨੇ ਤਾਂ ਮੈਨੂੰ ਮਾਰ ਈ ਸੁੱਟਿਆ ਸੀ।" ਉਹਦੀ ਮੁਸਕਾਣ ਮਹਿਕਾਂ ਖਿਲਾਰ ਰਹੀ ਸੀ। "ਤੂੰ ਮਨੂੰਆਂ ਖ਼ੁਸ਼ ਨਹੀਂ? ਤੈਨੂੰ ਦੱਸਾਂ, ਸੋਨਾ ਤਾਂ ਤੂੰ ਹੈਂ, ਪਰ ਭਖਾਰੇ ਚਾੜ੍ਹਨ ਵਾਲਾ ਏਂ।"

"ਗੁਰੂ ਅੱਗੇ ਭਖਾਰੇ ਤਾਂ ਚੜ੍ਹ ਹੀ ਗਿਆ ਆਂ; ਪੁੱਠਾ ਸਿੱਧਾ ਪਕਾਈਂ ਚੱਲੀਂ। ਮੈਂ ਤੇਰੀ ਦਿੱਤੀ ਖ਼ੁਸ਼ੀ ਨਾਲ ਬਾਗੋ ਬਾਗ ਆਂ।" ਊਂ ਮੇਰਾ ਦਿਲ ਧੜਕ ਧੜਕ ਪੈਂਦਾ ਸੀ। ਮੈਂ ਦਿਲ ਦੇ ਅੱਧ ਨਹੋਰੇ ਨਾਲ ਆਖਿਆ, "ਮੇਰਾ ਕੱਚ ਪਿੱਲ ਭਖਾਰੇ ਚਾੜ੍ਹ ਕੇ ਨਖਾਰ ਲਵੇਂਗੀ?"

"ਮੇਰੀ ਦਿੱਤੀ ਖ਼ੁਸ਼ੀ ਕਿਉਂ? ਕੁਦਰਤ ਦੀ ਦਿੱਤੀ ਕਿਉਂ ਨਹੀਂ ਆਖਦਾ?" ਮੈਨੂੰ ਲੱਗਾ ਜਿਵੇਂ ਉਹ ਮੇਰੀ ਸਵਾਰੀ ਕਰ ਰਹੀ ਐ।

"ਜਦੋਂ ਗੁਰੂ ਅੱਗੇ ਵਚਨ ਹੋ ਗਿਆ, ਹੱਥ 'ਤੇ ਅੰਗੂਠਾ ਲਾ ਦਿੱਤਾ; ਬਾਕੀ ਕੀ ਰਹਿ ਗਿਆ? ਪਰ ਮੈਂ ਹਾਲਾਤ ਵੱਲੋਂ ਬੇਪ੍ਰਵਾਹ ਨਹੀਂ ਹੋ ਸਕਦਾ। ਮੂਡ ਵਿਚ ਆਇਆ ਹਾਸ਼ਮ ਕਹਿੰਦਾ ਸੀ: ਤੈਨੂੰ ਹੁਸਨ ਖਰਾਬ ਕਰੇਂਦਾ, ਮੈਨੂੰ ਸਮਝ ਸਤਾਇਆ।"

ਕੰਵਲ ਤੇ ਜਸਵੰਤ ਗਿੱਲ ਕੋਲ ਦਲੀਲਾਂ ਸਨ ਕਿ ਉਨ੍ਹਾਂ ਨੇ ਰੂਹ ਦੇ ਹਾਣੀ ਚੁਣੇ ਹਨ। ਕੰਵਲ ਦਾ ਤਰਕ ਸੀ ਕਿ ਚੰਗਾ ਸਾਹਿਤ ਰਚਨ ਲਈ ਵਿਚਾਰਾਂ ਦਾ ਹਾਣੀ ਮਿਲਣਾ ਚਾਹੀਦਾ ਹੈ। ਇਹੋ ਗੱਲ ਜਸਵੰਤ ਗਿੱਲ ਕਹਿੰਦੀ ਸੀ। ਪਰ ਪੰਜਾਬੀ ਸਮਾਜ ਅਜੇ ਏਨੀ ਖੁੱਲ੍ਹ ਨਹੀਂ ਸੀ ਦਿੰਦਾ। ਜੰਗ ਬਹਾਦੁਰ ਗੋਇਲ ਨੇ ਆਪਣੀ ਪੁਸਤਕ 'ਮੁਹੱ-ਬਤਨਾਮਾ' ਵਿਚ ਜਿਨ੍ਹਾਂ ਲੇਖਕਾਂ ਤੇ ਕਲਾਕਾਰਾਂ ਦੀਆਂ ਮੁਹੱਬਤਾਂ ਨੂੰ ਵਡਿਆਇਆ ਹੈ ਉਹ ਵਧੇਰੇ ਕਰ ਕੇ ਪੱਛਮੀ ਸਮਾਜ ਦੇ ਸਨ। ਕੇਵਲ ਰਾਬਿੰਦਰ ਨਾਥ ਟੈਗੋਰ ਤੇ ਅੰਮ੍ਰਿਤਾ ਪ੍ਰੀਤਮ ਹੀ ਭਾਰਤੀ ਸਨ। ਅੰਮ੍ਰਿਤਾ ਪ੍ਰੀਤਮ ਨੂੰ ਤਾਂ ਅਜੇ ਵੀ ਕਈਆਲੋਚਕ ਪੁਣੀ ਜਾਂਦੇ ਹਨ ਕਿ ਉਸ ਨੇ ਉਹਦੀ ਹਰ ਗੱਲ ਮੰਨਣ ਵਾਲਾ ਪਤੀ ਪ੍ਰੀਤਮ ਸਿੰਘ ਛੱਡਿਆ ਤੇ ਪ੍ਰੇਮੀ ਅਪਣਾਏ। ਪੰਜਾਬੀ ਸਮਾਜ ਵਿਚ ਮਰਦ ਦੇ ਦੂਜੇ ਵਿਆਹ ਦੀ ਪਰਥਾ ਤਾਂ ਸੀ ਪਰ ਉਹਦੇ ਲਈ ਪਹਿਲੀ ਪਤਨੀ ਤੇ ਪਰਿਵਾਰ ਦੀ ਸਹਿਮਤੀ ਚਾਹੀਦੀ ਸੀ। ਕੰਵਲ ਦੇ ਕੇਸ 'ਤੇ ਇਹ ਨਹੀਂ ਸੀ ਢੁੱਕਦੀ।

ਕੰਵਲ ਨੇ ਹੌਲੀ ਹੌਲੀ ਆਪਣੀ ਪਤਨੀ ਮੁਖਤਿਆਰ ਕੌਰ ਨੂੰ ਨਵੀਂ ਸਥਿਤੀ ਲਈ ਤਿਆਰ ਕਰਨਾ ਸ਼ੁਰੂ ਕਰ ਲਿਆ ਸੀ।




2011 ਵਿਚ ਕਿਸੇ ਲੇਖਕ ਨੇ ਕੰਵਲ ਨਾਲ ਇੰਟਰਵਿਊ ਕਰਦਿਆਂ ਸਿੱਧਾ ਸਵਾਲ ਕੀਤਾ ਸੀ, "ਕੰਵਲ ਸਾਹਿਬ, ਤੁਹਾਡੇ ਦੂਜਾ ਵਿਆਹ ਕਰਵਾਉਣ 'ਤੇ ਕੀ ਤੁਹਾਡੀ ਪਹਿਲੀ ਪਤਨੀ ਮੁਖਤਿਆਰ ਕੌਰ ਨੇ ਵਿਰੋਧ ਨਹੀਂ ਕੀਤਾ?"

ਕੰਵਲ ਦਾ ਸਪੱਸ਼ਟ ਜਵਾਬ ਸੀ, "ਹਾਂ ਕੀਤਾ ਸੀ। ਮੈਂ ਉਸ ਨੂੰ ਸਮਝਾਇਆ, ਉਸ ਨੂੰ ਵਿਚਾਰਾਂ ਦੀ ਸਾਂਝ ਬਾਰੇ ਦੱਸਿਆ ਪਰ ਉਸ ਨੇ ਨਰਾਜ਼ਗੀ ਰੱਖੀ। ਮੇਰੀ ਮਾਤਾ ਜੀ ਨੇ ਵੀ ਉਸ ਨੂੰ ਬਹੁਤ ਸਮਝਾਇਆ। ਕੁਝ ਸਮਾਂ ਫਰਕ ਵੀ ਪਏ ਰਹੇ। ਮੁਖਤਿਆਰ ਕੌਰ ਇਕ ਗੰਭੀਰ ਬੀਮਾਰੀ ਦੀ ਮਰੀਜ਼ ਸੀ। ਉਸ ਦਾ ਕਿਤੋਂ ਇਲਾਜ ਨਹੀਂ ਸੀ ਹੋ ਰਿਹਾ। ਡਾ. ਜਸਵੰਤ ਗਿੱਲ ਨੇ ਉਸ ਨੂੰ ਵਿਸ਼ਵਾਸ ਵਿਚ ਲੈ ਕੇ ਉਸ ਦਾ ਇਲਾਜ ਕਰ ਦਿੱਤਾ ਤੇ ਫਿਰ ਉਹ ਦੋਵੇਂ ਪੱਕੀਆਂ ਸਹੇਲੀਆਂ ਬਣ ਕੇ ਰਹਿਣ ਲੱਗੀਆਂ। ਡਾ. ਜਸਵੰਤ ਗਿੱਲ ਦੀ ਮੌਤ ਸਤੰਬਰ 1997 ਵਿਚ ਹੋਈ ਸੀ ਅਤੇ ਮੁਖਤਿਆਰ ਕੌਰ ਦੀ ਮੌਤ ਨਵੰਬਰ 2008 ਵਿਚ ਹੋਈ ਸੀ।

ਦੂਜਾ ਸਵਾਲ ਸੀ, "ਡਾ. ਜਸਵੰਤ ਗਿੱਲ ਦੀ ਜਾਇਦਾਦ ਅਤੇ ਪੈਸੇ ਦਾ ਕੀ ਕੀਤਾ?

ਕੰਵਲ ਦਾ ਜਵਾਬ ਸੀ, "ਡਾ. ਜਸਵੰਤ ਗਿੱਲ ਦੀ ਸਾਰੀ ਜਾਇਦਾਦ ਉਸੇ ਨੇ ਭਰਾਵਾਂ ਦੇ ਨਾਂ ਕਰਵਾ ਦਿੱਤੀ ਸੀ ਅਤੇ ਬੈਂਕ ਬੈਲੈਂਸ ਉਸ ਨੇ ਮੇਰੇ ਨਾਮ ਕਰਵ-ਾਇਆ ਸੀ। ਉਹ ਲੰਮਾ ਸਮਾਂ ਬੀਮਾਰ ਰਹੀ ਤੇ ਬਹੁਤ ਸਾਰਾ ਪੈਸਾ ਉਸ ਦੇ ਇਲਾਜ 'ਤੇ ਖਰਚ ਹੋਇਆ। ਅਸੀਂ ਦੋਵਾਂ ਨੇ ਸੈਰਾਂ ਵੀ ਬਹੁਤ ਕੀਤੀਆਂ।"

ਕੰਵਲ ਨੇ ਇਹ ਵੀ ਦੱਸਿਆ ਕਿ ਮੇਰੇ ਵਿਆਹ ਤੋਂ ਕਾਫੀ ਸਾਲ ਪਹਿਲਾਂ ਹੀ ਮੇਰੀ ਮੰਗਣੀ, ਲਾਗਲੇ ਪਿੰਡ ਅਜੀਤਵਾਲ ਦੀ ਮੁਖਤਿਆਰ ਕੌਰ ਨਾਲ ਹੋਈ ਹੋਈ ਸੀ। ਪਰ ਮੈਂ ਲੰਮਾ ਸਮਾਂ ਵਿਆਹ ਨਹੀਂ ਸੀ ਕਰਵਾਇਆ ਕਿਉਂਕਿ ਮੈਂ ਆਪਣੇ ਸਮਾਨ ਵਿਚਾਰਾਂ ਵਾਲੀ ਜੀਵਨ ਸਾਥਣ ਚਾਹੁੰਦਾ ਸੀ। ਜਦੋਂ ਹਾਲਤਾਂ ਮੁਤਾਬਿਕ ਸੰਭਵ ਨਾ ਹੋਇਆ ਤਾਂ ਮੈਂ ਸੰਨ 1942 ਵਿਚ ਆਪਣੇ ਸਾਰੇ ਭੈਣ ਭਰਾਵਾਂ ਦੇ ਵਿਆਹਾਂ ਤੋਂ ਬਾਅਦ ਆਪਣਾ ਵਿਆਹ ਮੁਖਤਿਆਰ ਕੌਰ ਨਾਲ ਹੀ ਕਰਵਾ ਲਿਆ ਸੀ।

ਕੰਵਲ ਦੇ ਇਨ੍ਹਾਂ ਜਵਾਬਾਂ ਤੋਂ ਜਾਪਦਾ ਹੈ ਕਿ ਉਸ ਦਾ ਪਹਿਲਾ ਵਿਆਹ ਮਜਬੂਰੀ ਦਾ ਸੀ।

ਰਾਜਿੰਦਰ ਸਿੰਘ ਰਾਹੀ ਆਪਣੀ ਪੁਸਤਕ 'ਪੰਜਾਬ ਦੀ ਪੱਗ ਜਸਵੰਤ ਸਿੰਘ ਕੰਵਲ' ਵਿਚ ਲਿਖਦੈ, "ਦੇਖਿਆ ਜਾਵੇ ਤਾਂ ਮਨੁੱਖੀ ਰਿਸ਼ਤਿਆਂ ਖ਼ਾਸ ਕਰਕੇ ਪਤੀ ਪਤਨੀ ਦੇ ਰਿਸ਼ਤੇ ਵਿਚ ਚੌਰਸ ਕਿੱਲ ਬਣੇ ਕਿਸੇ ਤੀਜੇ ਨੂੰ ਬਰਦਾਸ਼ਤ ਕਰਨਾ ਐਨਾ ਸੌਖਾ ਤੇ ਸਰਲ ਨਹੀਂ ਹੁੰਦਾ। ਕੰਵਲ ਸਾਹਿਬ ਦੀ ਪ੍ਰਮਾਣਕ ਜੀਵਨੀ ਲਿਖਣ ਵਾਲੇ ਕਿਸੇ ਲੇਖਕ ਸਾਹਮਣੇ ਮੁਖਤਿਆਰ ਕੌਰ ਦੀ ਮਾਨਸਿਕਤਾ ਵੰਗਾਰ ਬਣ ਕੇ ਖੜ੍ਹੀ ਹੈ। ਦੇਖਦੇ ਹਾਂ ਉਹ ਕਿਵੇਂ ਇਸ ਦੀਆਂ ਪਰਤਾਂ ਖੋਲ੍ਹਦਾ ਹੈ? ਜੱਟ ਕਿਸਾਨੀ ਸਮਾਜ ਦੇ ਆਰਥਕ ਤੇ ਸਭਿਆਚਾਰਕ ਧਰਾਤਲਾਂ ਦੀ ਚੀਰ ਫਾੜ ਕਰਿਆਂ ਇਸ ਦਾ ਮੋਟਾ ਜਿਹਾ ਵਿਸ਼ਲੇਸ਼ਣ ਤਾਂ ਕੀਤਾ ਜਾ ਸਕਦਾ ਹੈ। ਜਿਵੇਂ ਕਿ ਉਪ੍ਰੋਥਲੀ ਚਾਰ ਕੁੜੀਆਂ ਜੰਮ ਪੈਣ ਨਾਲ ਕਿਸਾਨੀ ਸਮਾਜ ਵਿਚ ਕਿਸੇ ਵੀ ਔਰਤ ਦੀ ਸਮਾਜੀ ਤੇ ਪਰਿਵਾਰਕ ਹੈਸੀਅਤ ਦਾ ਪਤਲਾ ਪੈ ਜਾਣਾ ਲਾਜ਼ਮੀ ਹੈ। ਇਹ ਸਮਝ ਤਾਂ ਹੁਣ ਬਣੀ ਹੈ ਕਿ ਕੁੜੀ ਜਾਂ ਮੁੰਡਾ ਜੰਮਣਾ ਔਰਤ ਦੇ ਵੱਸ ਦੀ ਗੱਲ ਨਹੀਂ, ਇਸ ਨੂੰ ਤਾਂ ਮਰਦ ਹੀ ਨਿਰਧਾਰਤ ਕਰਦਾ ਹੈ। ਪਰ ਅੱਧੀ ਸਦੀ ਪਹਿਲਾਂ (1950ਵਿਆਂ) ਦੇ ਸਮਾਜ ਵਿਚ ਕੁੜੀਆਂ ਜੰਮਣ ਲਈ ਸਿਰਫ਼ ਮਾਂ ਨੂੰਹੀ ਦੋਸ਼ੀ ਠਹਿਰਾਇਆ ਜਾਂਦਾ ਸੀ। ਪੇਂਡੂ ਸਮਾਜ ਵਿਚ ਸਿਰਫ਼ ਕੁੜੀਆਂ ਹੀ ਕੁੜੀਆਂ ਜੰਮਣ ਵਾਲੀ ਮਾਂ ਨੂੰ ਪਰਿਵਾਰ ਤਾਂ ਪਰਿਵਾਰ, ਆਲੇ ਦੁਆਲੇ ਦੀਆਂ ਤੀਵੀਆਂ ਵੱਲੋਂ ਵੀ ਨਹਿਸ਼ ਸਮਝਿਆ ਜਾਂਦਾ ਸੀ। ਸ਼ਗਨ ਸਾਰਥਾਂ ਵੇਲੇ ਉਨ੍ਹਾਂ ਔਰਤਾਂ ਨੂੰ ਜਿਨ੍ਹਾਂ ਦੇ ਬੱਚੇ ਮਰ ਜਾਂਦੇ ਹੋਣ ਜਾਂ ਸਿਰਫ਼ ਕੁੜੀਆਂ ਹੀ ਕੁੜੀਆਂ ਜੰਮਦੀਆਂ ਹੋਣ, ਪਾਸੇ ਰੱਖਿਆ ਜਾਂਦਾ ਸੀ। ਅਜਿਹੀਆਂ ਔਰਤਾਂ ਦਾ ਨਵਜੰਮੇ ਮੁੰਡਿਆਂ 'ਤੇ ਪਰਛਾਵਾਂ ਪੈਣ ਨੂੰ ਵੀ ਨਹਿਸ਼ ਸਮਝਿਆ ਜਾਂਦਾ ਸੀ ਤੇ ਬੱਚੇ ਇਨ੍ਹਾਂ ਤੋਂ ਪਰ੍ਹਾਂ ਰੱਖੇ ਜਾਂਦੇ ਸਨ। ਕੱਬੀਆਂ ਸੱਸਾਂ ਅਤੇ ਦਰਾਣੇ-ਜਠਾਣੇ ਵਿਚ ਵੀ ਅਜਿਹੀਆਂ ਔਰਤਾਂ ਨੂੰ ਦਿਲ ਚੀਰਵੇਂ ਤਾਅਨੇ ਅਤੇ ਤ੍ਰਿਸਕਾਰ ਦਾ ਸਾਹਮਣਾ ਕਰਨਾ ਪੈਂਦਾ ਸੀ। ਜੇਕਰ ਘਰ ਵਾਲਾ ਵੀ ਕਲੇਸ਼ ਕਰਨ ਲੱਗ ਜਾਵੇ ਤਾਂ ਅਜਿਹੀਆਂ ਔਰਤਾਂ ਲਈ ਅੱਖਾਂ 'ਚ ਘਸੁੰਨ ਦੇ ਕੇ ਰੋਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਬਚਦਾ। ਤੇ ਉਹ ਇਹ ਕਹਿ ਕੇ ਸਬਰ ਦਾ ਘੁੱਟ ਭਰ ਲੈਂਦੀਆਂ ਸਨ ਕਿ 'ਮੇਰੇ ਤੱਤੜੀ ਦੇ ਕਰਮ ਹੀ ਮਾੜੇ ਹਨ।'

............(ਚਲਦਾ)

# ਆਖਰ ਸਰਕਾਰ ਦੇ ਸਾਹਮਣੇ ਕਿਉਂ ਪਸਤ ਹੈ ਵਿਰੋਧੀ ਧਿਰ

-ਅਵਧੇਸ਼ ਕੁਮਾਰ-

ਇਸ ਵਿੱਚ ਦੋ ਰਾਵਾਂ ਨਹੀਂ ਕਿ ਨਰਿੰਦਰ ਮੋਦੀ ਸਰਕਾਰ ਲਈ ਪਾਰਲੀਮੈਂਟ ਦਾ ਇਹ ਪਹਿਲਾ ਸੈਸ਼ਨ ਫਲਦਾਈ ਸਾਬਿਤ ਹੋਇਆ ਹੈ। ਇਹ ਬਿੱਲਾਂ ਦੇ ਮਾਮਲੇ ਵਿੱਚ ਇਤਿਹਾਸ ਦੇ ਕਈ ਅਧਿਆਏ ਲਿਖਣ ਵਿੱਚ ਸਫਲ ਹੋਇਆ ਹੈ। ਇਸ ਦਾ ਇੱਕ ਵਿਚਾਰਨ ਯੋਗ ਪਹਿਲੂ ਇਹ ਹੈ ਕਿ ਅਪੋਜ਼ੀਸ਼ਨ ਇਸ ਪੂਰੇ ਸੈਸ਼ਨ ਵਿੱਚ ਬਿਲਕੁਲ ਬੇਅਸਰ ਦਿਸੀ। ਸਰਕਾਰ ਨੇ ਜਿਹੋ ਜਿਹਾ ਚਾਹਿਆ ਅਤੇ ਜਦੋਂ ਚਾ-ਹਿਆ, ਬਿੱਲਾਂ ਨੂੰ ਪਾਸ ਕਰਵਾ ਲਿਆ। ਲੋਕ ਸਭਾ ਵਿੱਚ ਤਾਂ ਫਿਰ ਵੀ ਬਹੁਮਤ ਹੈ ਅਤੇ ਉਥੇ ਅਜਿਹਾ ਹੋਣਾ ਗੈਰ ਸੁਭਾਵਿਕ ਨਹੀਂ, ਹਾਲਾਂਕਿ ਕਈ ਅਜਿਹੇ ਬਿੱਲ ਸਨ, ਜਿਨ੍ਹਾਂ 'ਚ ਐੱਨ ਡੀ ਏ ਗੱਠਜੋੜ ਵਿਚਾਲੇ ਮਤਭੇਦ ਸਨ, ਪਰ ਉਹ ਵੀ ਪਾਸ ਹੋ ਗਏ। ਰਾਜ ਸਭਾ ਵਿੱਚ ਭਾਜਪਾ ਛੱਡੋ, ਐੱਨ ਡੀ ਏ ਦਾ ਬਹੁਮਤ ਨਹੀਂ ਹੈ, ਬਾਵਜੂਦ ਇਸ ਦੇ ਕੋਈ ਬਿੱਲ ਡਿੱਗਿਆ ਨਹੀਂ। ਵਿਰੋਧੀ ਧਿਰ ਨੇ ਬਿੱਲਾਂ ਨੂੰ ਕਮੇਟੀਆਂ ਕੋਲ ਭੇਜਣ ਦੀ ਮੰਗ ਕੀਤੀ, ਉਹ ਵੀ ਮੰਨੀ ਨਹੀਂ ਗਈ। ਇਥੋਂ ਤੱਕ ਕਿ ਕੁਝ ਬਿੱਲਾਂ ਨੂੰ ਸਿਲੈਕਟ ਕਮੇਟੀ ਕੋਲ ਭੇਜਣ ਦੇ ਮਤੇ 'ਤੇ ਵੋਟਿੰਗ ਕਵਰਾਈ ਗਈ ਅਤੇ ਉਸ ਵਿੱਚ ਵੀ ਨਾਂਹ ਦੀ ਗਿਣਤੀ ਵੱਧ ਨਿਕਲੀ। ਧਾਰਾ 370 ਨੂੰ ਛੱਡ ਕੇ ਕੁਝ ਦੂਜੀਆਂ ਉਦਾਹਰਣਾਂ ਲੈ ਲਓ। ਪਾਰਲੀਮੈਂਟ ਦੇ ਅੰਦਰ ਤੇ ਬਾਹਰ ਸੂਚਨਾ ਅਧਿਕਾਰ ਕਾਨੂੰਨ ਵਿੱਚ ਬਦਲਾਅ ਬਾਰੇ ਕਾਫੀ ਹੰਗਾਮਾ ਤੇ ਵਿਰੋਧ ਸੀ। ਮੀਡੀਆ ਦੇ ਇੱਕ ਵੱਡੇ ਵਰਗ ਨੇ ਵੀ ਮੁਹਿੰਮ ਚਲਾਈ ਹੋਈ ਸੀ ਕਿ ਸਰਕਾਰ ਸੂਚਨਾ ਅਧਿਕਾਰ ਕਾਨੂੰਨ ਦਾ ਗਲਾ ਘੁੱਟਣ 'ਤੇ ਉਤਾਰੂ ਹੈ। ਨੇਤਾਵਾਂ ਉਤੇ ਸਰਗਰਮ ਐੱਨ ਜੀ ਓ ਅਤੇ ਮੀਡੀਆ ਦਾ ਦਬਾਅ ਸੀ ਕਿ ਇਸ ਬਿੱਲ ਨੂੰ ਕਮੇਟੀ ਵਿੱਚ ਜ਼ਰੂਰ ਲਿਜਾਇਆ ਜਾਵੇ। ਜਦੋਂ ਵੋਟਿੰਗ ਹੋਈ ਤਾਂ ਕਮੇਟੀ ਵਿੱਚ ਲਿਜਾਣ ਦੇ ਪੱਖ ਵਿੱਚ 75 ਅਤੇ ਨਾ ਲਿਜਾਣ ਦੇ ਪੱਖ 'ਚ 117 ਵੋਟਾਂ ਪਈਆਂ। ਦੂਜਾ ਵਾਦ ਵਿਵਾਦ ਵਾਲਾ ਤੇ ਇਤਿਹਾਸਕ ਬਿੱਲ ਇੱਕ ਵਾਰ 'ਚ ਤਿੰਨ ਤਲਾਕ ਦੇ ਵਿਰੁੱਧ ਸੀ। ਇਸ ਨੂੰ ਵੀ ਕਮੇਟੀ ਵਿੱਚ ਭੇਜਣ ਦੀ ਮੰਗ ਸੀ, ਪਰ ਰਾਜ ਸਭਾ ਨੇ ਇਸ ਨੂੰ 84 ਦੇ ਮਕਾਬਲੇ 100 ਵੋਟਾਂ ਨਾਲ ਨਕਾਰ ਦਿੱਤਾ।

ਇਸ ਨਾਲ ਤੈਅ ਹੋ ਗਿਆ ਕਿ ਇਨ੍ਹਾਂ ਦੋ ਬਿੱਲਾਂ ਨੂੰ ਪਾਸ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਉਹੀ ਹੋਇਆ, ਬਾਅਦ ਵਿੱਚ ਵਿਰੋਧੀ ਧਿਰ ਨੇ ਛਾਤੀ ਪਿੱਟਣੀ ਸ਼ੁਰੂ ਕੀਤੀ ਕਿ ਸਾਨੂੰ ਹਨੇਰੇ ਵਿੱਚ ਰੱਖ ਕੇ ਬਿੱਲ ਪਾਸ ਹੋ ਰਹੇ ਹਨ। ਸਾਨੂੰ ਪੜ੍ਹਨ ਤੱਕ ਦਾ ਸਮਾਂ ਨਹੀਂ ਮਿਲਦਾ। ਭਾਰਤ ਦੇ ਪਾਰਲੀਮੈਂਟਰੀ ਇਤਿਹਾਸ ਵਿੱਚ ਏਦਾਂ ਘੱਟ ਹੀ ਹੋਇਆ ਹੈ, ਜਦੋਂ ਬਹੁਮਤ ਨਾ ਹੁੰਦੇ ਹੋਏ ਵੀ ਧੜਾਧੜ ਇਸ ਤਰ੍ਹਾਂ ਬਿੱਲ ਪਾਸ ਕੀਤੇ ਗਏ, ਜਿਨ੍ਹਾਂ ਦਾ ਜਨਤਕ ਤੌਰ 'ਤੇ ਵਿਰੋਧੀ ਅਤੇ ਸੱਤਾਧਾਰੀ ਗਠਜੋੜ ਦੇ ਕੁਝ ਭਾਈਵਾਲ ਵੀ ਵਿਰੋਧ ਕਰਦੇ ਸਨ। ਸਰਲੀਕਰਨ ਕਰਨ ਵਾਲੇ ਇਸ ਨੂੰ ਅੰਗਰੇਜ਼ੀ ਵਿੱਚ ਫਲੋਰ ਮੈਨੇਜਮੈਂਟ, ਭਾਵ ਸਦਨ ਪ੍ਰਬੰਧ ਕਹਿੰਦੇ ਹਨ। ਇਸ ਦਾ ਅਰਥ ਹੋਇਆ ਕਿ ਭਾਜਪਾ ਨੇ ਪਾਰਲੀਮੈਂਟ ਵਿੱਚ ਇੰਨੀ ਚੰਗੀ ਮੈਨੇਜਮੈਂਟ ਕੀਤੀ ਕਿ ਅਪੋਜ਼ੀਸ਼ਨ ਦੀ ਰਣਨੀਤੀ ਢਹਿ ਢੇਰੀ ਹੋ ਗਈ। ਇਸ ਵਿੱਚ ਦੋ ਰਾਵਾਂ ਨਹੀਂ ਕਿ ਇਸ ਵਿੱਚ ਮੈਨੇਜਮੈਂਟ ਦੀ ਭੂਮਿਕਾ ਹੈ, ਪਰ ਮੈਨੇਜਮੈਂਟ ਨਿਰਗੁਣ ਕਦਮ ਨਹੀਂ ਅਤੇ ਇਹ ਖਲਾਅ ਵਿੱਚ ਵੀ ਪੈਦਾ ਨਹੀਂ ਹੁੰਦੀ। ਸਿਆਸੀ ਹਾਲਾਤ ਨਾਲ ਸਦਨ ਮੈਨੇਜਮੈਂਟ ਦੀ ਸਫਲਤਾ ਯਕੀਨੀ ਹੁੰਦੀ ਹੈ। ਰਾਜ ਸਭਾ ਵਿੱਚ ਧਾਰਾ 370 ਉੱਤੇ 125 ਵੋਟਾਂ ਕਿੱਥੋਂ ਆਈਆਂ? ਬਸਪਾ, ਵਾਈ ਐੱਸ ਆਰ ਕਾਂਗਰਸ, ਟੀ ਆਰ ਐੱਸ, ਬੀਜੂ ਜਨਤਾ ਦਲ ਵਰਗੀਆਂ ਪਾਰਟੀਆਂ ਦਾ ਹੈਰਾਨੀ ਜਨਕ ਢੰਗ ਨਾਲ ਸਮਰਥਨ ਮਿ-ਲਿਆ। ਕਰੀਬ 55 ਮੈਂਬਰ ਗੈਰ ਹਾਜ਼ਰ ਰਹੇ। ਤਿੰਨ ਤਲਾਕ ਬਿੱਲ ਉਤੇ ਰਾਜ ਸਭਾ ਦੇ 23 ਪ੍ਰਮੁੱਖ ਨੇਤਾ ਗੈਰ ਹਾਜ਼ਰ ਰਹੇ। ਕਾਂਗਰਸ ਦੇ ਵਿਵੇਕ ਤਨਖਾ ਅਤੇ ਆਸਕਰ ਫਰਨਾਂਡੀਜ਼ ਤੋਂ ਲੈ ਕੇ ਐਨ ਸੀ ਪੀ ਦੇ ਸ਼ਰਦ ਪਵਾਰ ਤੇ ਪ੍ਰਫੁੱਲ ਪਟੇਲ ਵਰਗੇ ਨੇਤਾ ਸਦਨ ਵਿੱਚ ਆਏ ਹੀ ਨਹੀਂ। ਸਮਾਜਵਾਦੀ ਪਾਰਟੀ ਦੇ ਵੀ ਕੁਝ ਨੇਤਾ ਮਤਦਾਨ ਵੇਲੇ ਵਾਕਆਊਟ ਕਰ ਗਏ। ਪੂਰੀ ਬਹੁਜਨ ਸਮਾਜ ਪਾਰਟੀ ਬਾਹਰ ਚਲੀ ਗਈ। ਜਨਤਾ ਦਲ (ਯੂ) ਚਲਾ ਗਿਆ। ਤੇਲੰਗਾਨਾ ਰਾਸ਼ਟਰੀ ਕਮੇਟੀ ਨੇ ਵੀ ਮਤਦਾਨ 'ਚ ਹਿੱਸਾ ਲੈਣਾ ਮੁਨਾਸਿਬ ਨਹੀਂ ਸਮਝਿਆ। ਇਥੋਂ ਤੱਕ ਕਿ ਪੀ ਡੀ ਪੀ ਅਤੇ ਤੇਲਗੂ ਦੇਸ਼ਮ ਨੇ ਵੀ ਬਾਹਰ ਜਾ ਕੇ ਸਰਕਾਰ ਲਈ ਰਸਤਾ ਆਸਾਨ ਕਰ ਦਿੱਤਾ। ਇਨ੍ਹਾਂ ਸਾਰਿਆਂ ਨੇ ਤਿੰਨ ਤਲਾਕ ਬਿੱਲ ਦਾ ਖੂਬ ਵਿਰੋਧ ਕੀਤਾ ਸੀ ਤਾਂ ਫਿਰ ਕਿਹੜਾ ਜਾਦੂ ਹੈ, ਜਿਸ ਤੋਂ ਸਾਰੇ ਪ੍ਰਭਾਵਤ ਹੋ ਗਏ?



ਐਨ ਆਈ ਏ ਸੋਧ ਬਿੱਲ ਅਤੇ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਸੋਧ ਬਿੱਲ ਵਿੱਚ ਅਜਿਹੀ ਸਥਿਤੀ ਬਣ ਗਈ ਕਿ ਵਿਰੋਧ ਕਰਦੇ ਹੋਏ ਵੀ ਪੱਖ ਵਿੱਚ ਮਤਦਾਨ ਕਰਨ ਲਈ ਵਿਰੋਧੀ ਧਿਰ ਮਜਬੂਰ ਹੋ ਗਈ।

ਇਹ ਸਥਿਤੀ ਪਹਿਲਾਂ ਕਲਪਨਾ ਤੋਂ ਪਰ੍ਹੇ ਸੀ। ਜੇ ਭਾਜਪਾ ਸਦਨ ਮੈਨੇਜਮੈਂਟ ਕਰ ਸਕਦੀ ਹੈ ਤਾਂ ਵਿਰੋਧੀ ਧਿਰ ਕਿਉਂ ਨਹੀਂ ਕਰ ਸਕਦੀ? ਇਸੇ ਸਵਾਲ ਵਿੱਚ ਪੂਰੀ ਸਥਿਤੀ ਦੀ ਵਿਆਖਿਆ ਲੁਕੀ ਹੈ। 2014 ਤੋਂ ਬਾਅਦ 2019 ਦੀ ਹਾਰ ਨਾਲ ਸਾਰੀਆਂ ਪਾਰਟੀਆਂ ਵਿੱਚ ਹਲਚਲ ਮਚੀ ਹੋਈ ਹੈ। ਜੋ ਖੇਤਰੀ ਪਾਰਟੀਆਂ ਆਪਣੇ ਰਾਜਾਂ 'ਚ ਜੇਤੂ ਹੋਈਆਂ, ਭਾਵ ਆਂਧਰਾ ਵਿੱਚ ਵਾਈ ਐੱਸ ਆਰ ਕਾਂਗਰਸ, ਤੇਲੰਗਾਨਾ 'ਚ ਟੀ ਆਰ ਐੱਸ, ਉਨ੍ਹਾਂ ਦੀ ਸੋਚ ਵੀ ਸਮੇਂ ਤੋਂ ਪ੍ਰਭਾਵਤ ਹੈ।

ਸਾਰੀਆਂ ਪਾਰਟੀਆਂ ਜਨਤਕ ਤੌਰ ਉਤੇ ਜੋ ਵੀ ਕਹਿਣ, ਅੰਦਰੋਂ ਇਹ ਮੰਨਦੀਆਂ ਹਨ ਕਿ ਉਨ੍ਹਾਂ ਦੀਆਂ ਨੀਤੀਆਂ ਤੇ ਵਤੀਰੇ ਵਿੱਚ ਭਿਆਨਕ ਦੋਸ਼ ਹੈ। ਇਸੇ ਕਾਰਨ ਉਹ ਹਾਰੀਆਂ ਤੇ ਉਨ੍ਹਾਂ ਦੇ ਲੋਕ ਪਾਰਟੀ ਛੱਡ ਕੇ ਭਾਜਪਾ ਵੱਲ ਦੌੜ ਰਹੇ ਹਨ ਜਾਂ ਦੌੜਨ ਲਈ ਉਤਾਰੂ ਹਨ। ਸਮਾਜ ਦੇ ਅੰਦਰ ਭਾਜਪਾ ਦੀਆਂ ਨੀਤੀਆਂ ਨੂੰ ਵਿਆਪਕ ਸਮਰਥਨ ਹਾਸਲ ਹੈ। ਇਸ ਦਾ ਅਹਿਸਾਸ ਉਨ੍ਹਾਂ ਨੂੰ ਹੋ ਚੁੱਕਾ ਹੈ। ਉਨ੍ਹਾਂ ਦੇ ਲੋਕ ਆ ਕੇ ਦੱਸਦੇ ਹਨ ਕਿ ਲੋਕਾਂ ਦੀ ਪ੍ਰਤੀਕਿਰਿਆ ਕੀ ਹੈ? ਭਾਜਪਾ ਨੇ ਤਿੰਨ ਤਲਾਕ ਬਿੱਲ ਰਾਜ ਸਭਾ ਵਿੱਚ ਪਾਸ ਨਾ ਹੋਣ ਦੇਣ ਨੂੰ ਚੋਣ-ਮੁੱਦਾ ਬਣਾਇਆ ਸੀ। ਵਿਰੋਧੀ ਧਿਰ ਦੇ ਕੋਲ ਰਾਸ਼ਟਰੀ ਪੱਧਰ 'ਤੇ ਕੋਈ ਇੱਕ ਅਜਿਹੀ ਠੋਸ ਪਾਰਟੀ ਵੀ ਨਹੀਂ ਹੈ, ਜਿਸ ਦਾ ਸਹਾਰਾ ਲੈ ਕੇ ਉਹ ਸਰਕਾਰ ਦੇ ਵਿਰੋਧ ਵਿੱਚ ਖੜ੍ਹੀ ਹੋ ਸਕੇ। ਕਾਂਗਰਸ ਦੀ ਇਸ ਵਿੱਚ ਕੇਂਦਰੀ ਭੂਮਿਕਾ ਚਾਹੀਦੀ ਸੀ, ਪਰ ਜੋ ਪਾਰਟੀ ਖੁਦ ਕੋਮਾ ਵਿੱਚ ਪਹੁੰਚਣ ਦਾ ਸੰਦੇਸ਼ ਦੇ ਰਹੀ ਹੋਵੇ, ਉਸ ਦਾ ਸਹਾਰਾ ਕੌਣ ਬਣੇ? ਉਸ ਨੂੰ ਤਾਂ ਖੁਦ ਹੀ ਸਹਾਰਾ ਚਾਹੀਦਾ ਹੈ। ਧਾਰਾ 370 'ਤੇ ਪਾਰਟੀ ਦੀ ਅੰਦਰੂਨੀ ਵੰਡ ਖੁੱਲ੍ਹ ਕੇ ਸਾਹਮਣੇ ਆਈ। ਜਗ੍ਹਾ ਜਗ੍ਹਾ ਕਾਂਗਰਸ 'ਚ ਭੜਕਾਹਟ ਪੈਦਾ ਹੋ ਗਈ ਹੈ। ਲੋਕ ਪਾਰਟੀ ਛੱਡ ਰਹੇ ਹਨ।

ਇਸ ਵਿੱਚ ਗੈਰ ਭਾਜਪਾ, ਗੈਰ ਐੱਨ ਡੀ ਏ ਦਲਾਂ ਨੂੰ ਸਮਝਣਾ ਮੁਸ਼ਕਲ ਹੋ ਰਿਹਾ ਹੈ ਕਿ ਕਰੀਏ ਤਾਂ ਕੀ ਕਰੀਏ? ਭਾਜਪਾ ਨਾਲ ਵਿਚਾਰ ਮਿਲਦਾ ਨਹੀਂ, ਕਈ ਬਿੱਲਾਂ ਨਾਲ ਉਹ ਸਹਿਮਤ ਵੀ ਨਹੀਂ, ਪਰ ਡਰ ਹੈ ਕਿ ਇਸ ਦਾ ਵਿਰੋਧ ਕਰ ਦਿੱਤਾ ਜਾਂ ਪਾਸ ਹੋਣ ਤੋਂ ਰੋਕ ਦਿੱਤਾ ਤਾਂ ਬਚੀਆਂ-ਖੁਚੀਆਂ ਵੋਟਾਂ ਵੀ ਚਲੀਆਂ ਜਾਣਗੀਆਂ ਅਤੇ ਆਪਣੇ ਲੋਕ ਪਾਰਟੀ ਛੱਡ ਜਾਣਗੇ। ਇਸ ਲਈ ਵਿਰੋਧ ਦਿਖਾਉਣ ਲਈ ਭਾਸ਼ਣ ਵਿੱਚ ਬੋਲਦੇ ਸਨ, ਪਰ ਮਤਦਾਨ ਦੇ ਸਮੇਂ ਵਾਕਆਊਟ ਕਰ ਗਏ ਜਾਂ ਕੁਝ ਮਾਮਲਿਆਂ ਵਿੱਚ ਭਾਜਪਾ ਵੱਲੋਂ ਕਟਹਿਰੇ ਵਿੱਚ ਖੜ੍ਹਾ ਕੀਤੇ ਜਾਣ ਤੋਂ ਬਚਣ ਲਈ ਵੀ ਪੱਖ ਵਿੱਚ ਵੋਟ ਪਾ ਦਿੱਤਾ। ਮਿਸਾਲ ਵਜੋਂ ਐੱਨ ਆਈ ਏ ਅਤੇ ਗੈਰ ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਸੋਧ ਬਿੱਲ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਜਿਹਾ ਭਾਸ਼ਣ ਦਿੱਤਾ, ਜਿਸ ਨਾਲ ਮਾਹੌਲ ਬਣ ਗਿਆ ਕਿ ਜਿਹੜਾ ਇਸ ਦੇ ਵਿਰੋਧ ਵਿੱਚ ਗਿਆ, ਉਹ ਅੱਤਵਾਦ ਦਾ ਸਮਰਥਕ ਅਖਵਾਏਗਾ। ਕੋਈ ਦੌੜੇ ਤਾਂ ਕਿਵੇਂ?

ਕਹਿਣ ਦਾ ਭਾਵ ਕਿ ਸਦਨ 'ਚ ਵਿਰੋਧੀ ਧਿਰ ਦੀ ਬਿੱਲ ਪਾਸ ਕਰਵਾਉਣ ਦੀ ਮਜਬੂਰੀ ਦੇਸ਼ ਦੇ ਬਦਲਦੇ ਸਿਆਸੀ ਮਾਹੌਲ ਦਾ ਨਤੀਜਾ ਹੈ, ਜਿਸ ਵਿੱਚ ਉਨ੍ਹਾਂ ਦੀ ਹੋਂਦ ਦਾਅ 'ਤੇ ਲੱਗੀ ਹੋਈ ਹੈ। ਭਾਜਪਾ ਇਸ ਨੂੰ ਸਮਝਦੀ ਹੈ, ਇਸ ਲਈ ਉਸ ਨੇ ਬਿਲਕੁਲ ਸਾਧੀ ਹੋਣੀ ਰਣਨੀਤੀ ਨਾਲ ਬਿੱਲਾਂ ਨੂੰ ਪੇਸ਼ ਕੀਤਾ ਅਤੇ ਪਾਰਟੀਆਂ ਦੀ ਮਾਨਸਿਕਤਾ ਅਨੁਸਾਰ ਸਦਨ ਮੈਨੇਜਮੈਂਟ ਦੀ ਨੀਤੀ ਅਪਣਾਈ, ਨਹੀਂ ਤਾਂ ਧਾਰਾ 370 ਅਤੇ ਤਿੰਨ ਤਲਾਕ ਵਾਲਾ ਬਿੱਲ ਪਾਸ ਨਾ ਹੁੰਦਾ। ਇੱਕ ਹੋਰ ਵੱਡਾ ਕਾਰਨ, ਜਿਸ ਵੱਲ ਸ਼ਾਇਦ ਘੱਟ ਲੋਕਾਂ ਦਾ ਧਿਆਨ ਜਾਂਦਾ ਹੈ, ਉਹ ਹੈ ਭ੍ਰਿਸ਼ਟਾਚਾਰ ਵਿਰੁੱਧ ਮੋਦੀ ਸਰਕਾਰ ਦੀ ਹਮਲਾਵਰ ਕਾਰਵਾਈ। ਦੁਬਾਰਾ ਸੱਤਾ 'ਚ ਪਰਤਣ ਤੋਂ ਬਾਅਦ ਜਾਂਚ ਏਜੰਸੀਆਂ ਭ੍ਰਿਸ਼ਟਾਚਾਰ ਦੇ ਦੋਸ਼ੀਆਂ ਵਿਰੁੱਧ ਕਾਰਵਾਈ 'ਚ ਜੁਟ ਗਈਆਂ ਹਨ। ਵੱਡੇ ਵੱਡੇ ਨੇਤਾਵਾਂ ਤੋਂ ਪੁੱਛਗਿੱਛ ਹੋ ਰਹੀ ਹੈ। ਅਫਸਰਾਂ ਤੱਕ ਨੂੰ ਜਬਰੀ ਰਿਟਾਇਰਮੈਂਟ ਦਿੱਤੀ ਜਾ ਰਹੀ ਹੈ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਉੱਤੇ ਕਾਰਵਾਈ ਹੋ ਰਹੀ ਹੈ। ਸਾਬਕਾ ਮੰਤਰੀ ਪ੍ਰਫੁੱਲ ਪਟੇਲ ਕਦੇ ਵੀ ਜੇਲ੍ਹ ਜਾ ਸਕਦੇ ਹਨ। ਕਾਂਗਰਸ ਦੇ ਕੁਝ ਨੇਤਾ ਲਾਈਨ ਵਿੱਚ ਹਨ। ਮਾਇਆਵਤੀ ਦੇ ਭਰਾ ਦੀਆਂ ਬੇਨਾਮੀ ਜਾਇਦਾਦਾਂ ਜ਼ਬਤ ਹੋਈਆਂ, ਜਿਨ੍ਹਾਂ ਦੀ ਕੀਮਤ ਅਰਬਾਂ ਵਿੱਚ ਹੈ। ਇਨ੍ਹਾਂ ਦਾ ਸੇਕ ਮਾਇਆਵਤੀ ਤੱਕ ਪੁੱਜ ਸਕਦਾ ਹੈ। ਭ੍ਰਿਸ਼ਟਾਚਾਰ ਕਰਨ ਵਾਲੇ ਉਦੋਂ ਤੱਕ ਛਾਤੀ ਠੋਕ ਕੇ ਵਿਰੋਧ ਵਿੱਚ ਖੜ੍ਹੇ ਹੁੰਦੇ ਹਨ, ਜਦੋਂ ਤੱਕ ਕਾਨੂੰਨੀ ਏਜੰਸੀਆਂ ਦਾ ਹੱਥ ਉਨ੍ਹਾਂ ਦੀ ਧੌਣ ਤੱਕ ਨਹੀਂ ਪਹੁੰਚਦਾ। ਧੌਣ ਤੱਕ ਪਹੁੰਚਣ ਪਿੱਛੋਂ ਉਹ ਭਿੱਜੀ ਬਿੱਲੀ ਬਣ ਜਾਂਦੇ ਹਨ। ਜਿਨ੍ਹਾਂ ਵਿਰੁੱਧ ਕਾਰਵਾਈ ਨਹੀਂ ਹੋਈ, ਪਰ ਉਨ੍ਹਾਂ ਨੇ ਭ੍ਰਿਸ਼ਟਾਚਾਰ ਕੀਤਾ ਹੈ ਤਾਂ ਉਨ੍ਹਾਂ ਨੂੰ ਡਰ ਹੋਵੇਗਾ ਕਿ ਪਤਾ ਨਹੀਂ ਕਦੋਂ ਮੇਰਾ ਨੰਬਰ ਆ ਜਾਵੇ। ਇਸ ਵਿੱਚ ਖੁੱਲ੍ਹੇਆਮ ਬਿੱਲ ਡੇਗਣ ਦੀ ਹੱਦ ਤੱਕ ਵਿਰੋਧ ਕਰਨ ਦੀ ਹਿੰਮਤ ਦਿਖਾਉਣਾ ਅੱਜ ਦੇ ਨੇਤਾਵਾਂ ਦੇ ਵੱਸ ਦੀ ਗੱਲ ਨਹੀਂ, ਤਾਂ ਇਹ ਸਾਰੀਆਂ ਸਥਿਤੀਆਂ ਆਉਣ ਵਾਲੇ ਸਮੇਂ ਵਿੱਚ ਭਾਜਪਾ ਰਾਜਨੀਤੀ ਵਿੱਚ ਵਿਆਪਕ ਤਬਦੀਲੀ ਦਾ ਕਾਰਨ ਬਣਨਗੀਆਂ। ਪਾਰਲੀਮੈਂਟ ਤੋਂ ਲੈ ਕੇ ਦੇਸ਼ ਭਰ ਵਿੱਚ ਤੁਹਾਨੂੰ ਇਹ ਪ੍ਰਤੱਖ ਦਿਖਾਈ ਦੇਵੇਗਾ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

## ਵਿਅੰਗ ਹਾਏ ਸਫੈਦ ਵਾਲ

-ਪੂਰਨ ਸਰਨਾ-

ਵਾਲ ਸਫੈਦ ਦਾ ਅੱਜਕੱਲ੍ਹ ਕੋਈ ਮਤਲਬ ਨਹੀਂ ਰਿਹਾ। ਪਹਿਲਾਂ ਸਫੈਦ ਵਾਲ ਵਿਅਕਤੀਤਵ ਦੀ ਪਛਾਣ ਹੁੰਦੇ ਸਨ। ਵਾਲ ਸਫੈਦ ਹੋਣ 'ਤੇ ਆਦਮੀ ਨੂੰ ਸਮਝਦਾਰ, ਸੁਲਝਿਆ ਹੋਇਆ ਮੰਨਿਆ ਜਾਂਦਾ ਸੀ, ਪਰ ਅੱਜਕੱਲ੍ਹ ਵਾਲ ਕਾਲੇ ਕਰਨ ਵਿੱਚ ਸਿਆਣਪ ਸਮਝੀ ਜਾਂਦੀ ਹੈ। ਅਗਲਾ ਮਨ ਵਿੱਚ ਹੱਸਦਾ ਹੈ ਕਿ ਮੈਂ ਤਾਂ 55 ਸਾਲ ਦਾ ਹਾਂ ਅਤੇ ਵਾਲ ਡਾਈ ਕਰਨ ਮਗਰੋਂ ਸਾਹਮਣੇ ਵਾਲਾ ਮੈਨੂੰ ਅਜੇ ਵੀ ਚਾਲੀ ਸਾਲ ਦਾ ਸਮਝਦਾ ਹੈ। ਅੱਜ ਦੇ ਜ਼ਮਾਨੇ ਵਿੱਚ ਬਹੁਤਿਆਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਵਾਲ ਸਫੈਦ ਜ਼ਰਾ ਨਾ ਹੋਣ, ਦਿਲ ਭਾਵੇਂ ਕਾਲਾ ਰਹੇ। ਨਾਲੇ ਦਿਲ ਕਿਸ ਨੇ ਦੇਖਿਆ? ਪਹਿਲਾਂ ਲੋਕ ਦਿਲ ਦੇ ਸਾਫ ਹੁੰਦੇ ਸਨ। ਵਾਲ ਸਫੈਦ ਹੋਣ ਮਗਰੋਂ ਉਹ ਹੋਰ ਪਵਿੱਤਰ ਹੋ ਜਾਂਦੇ ਸਨ। ਘਰ ਦੇ ਮੁਖੀ ਦੇ ਵਾਲ ਜਦੋਂ ਹੀ ਸਫੈਦ ਹੋਣ ਲੱਗਦੇ ਸਨ, ਉਹ ਸੰਜੀਦਗੀ ਨਾਲ ਸਾਧੂਆਂ ਜਿਹਾ ਵਰਤਾਓ ਕਰਨ ਲੱਗਦਾ ਸੀ। ਮੁਹੱਲੇ ਦੇ ਲੋਕਾਂ 'ਚ ਉਸ ਦਾ ਸਤਿਕਾਰ ਵਧ ਜਾਂਦਾ ਸੀ। ਉਸ ਦੀ ਗੱਲ ਨੂੰ ਤਵੱਜੋਂ ਦਿੱਤੀ ਜਾਂਦੀ ਸੀ। ਅੱਜ ਕੱਲ੍ਹ ਵੇਖੋ ਸਫੈਦ ਵਾਲਾਂ ਦੀ ਆੜ ਵਿੱਚ ਕਾਲੇ ਕਾਰਨਾਮੇ ਕੀਤੇ ਜਾਂਦੇ ਹਨ। ਸਫੈਦ ਵਾਲਾਂ ਵਾਲੇ ਵਿਅਕਤੀ ਨੂੰ ਤਾਇਆ ਜਾਂ ਬਜ਼ੁਰਗੋ ਕਹਿ ਕੇ ਵੇਖੋ, ਉਸ ਦੀ ਘਰ ਵਾਲੀ ਖਾਣ ਨੂੰ ਪਵੇਗੀ। ਵਾਲ ਸਫੈਦ ਹੋਣ ਦੀ ਪ੍ਰਕਿਰਿਆ ਤੋਂ ਇਕੱਲਾ ਆਦਮੀ ਪ੍ਰੇਸ਼ਾਨ ਹੋਵੇ, ਇਹ ਗੱਲ ਨਹੀਂ, ਔਰਤਾਂ ਵੀ ਇਨ੍ਹਾਂ ਦਾ ਨਾਮੋ ਨਿਸ਼ਾਨ ਮਿਟਾ ਕੇ ਇਨ੍ਹਾਂ ਦੀ ਖੇਤੀ ਨੂੰ ਜੜ੍ਹੋਂ ਨਸ਼ਟ ਕਰਨ ਦੀ ਦਿਸ਼ਾ ਵਿੱਚ ਜਾਗਰੂਕ ਹਨ। ਜਿਹੜੀਆਂ ਔਰਤਾਂ ਚਾਲੀ ਦੀ ਉਮਰ ਵਿੱਚ ਬੁਢਾਪੇ ਦੇ ਚਿੰਨ੍ਹ ਸਰੀਰ ਉਤੇ ਆਉਣ ਉਤੇ ਆਪਣਾ ਗੌਰਵ ਸਮਝਦੀਆਂ ਸਨ, ਅੱਜ ਕੱਲ੍ਹ ਉਹ ਆਪਣੀ ਉਮਰ ਢਲਣ 'ਤੇ ਵੀ ਇਸ ਫਸਲ ਨੂੰ ਸਿਰ 'ਤੇ ਦੇਖਣਾ ਨਹੀਂ ਚਾਹੁੰਦੀਆਂ। ਉਹ ਵਾਲਾਂ ਨੂੰ ਦਵਾਈਆਂ, ਮਹਿੰਦੀ ਨਾਲ ਅਤੇ ਬਿਊਟੀ ਪਾਰਲਰ ਜਾ ਕੇ ਕਾਲੇ ਕਰਵਾ ਰਹੀਆਂ ਹਨ।

ਸਫੈਦ ਵਾਲਾਂ ਦੀ ਇਹੋ ਸਮੱਸਿਆ ਦਿਨ ਬ ਦਿਨ ਭਿਅੰਕਰ ਹੁੰਦੀ ਜਾਂਦੀ ਹੈ। ਔਰਤਾਂ ਦਾ ਖਿਆਲ ਹੈ ਕਿ ਜੇ ਸਫੈਦ ਵਾਲਾਂ ਨੂੰ ਉਗਦੇ ਰਹਿਣ ਦੇਣਗੀਆਂ ਤਾਂ ਆਦਮੀ ਉਨ੍ਹਾਂ ਵੱਲ ਦੇਖਣਾ ਪਸੰਦ ਨਹੀਂ ਕਰਨਗੇ। ਇਹੋ ਹਾਲ ਆਦਮੀਆਂ ਦਾ ਹੈ। ਉਹ ਵੀ ਚਾਹੁੰਦੇ ਹਨ ਕਿ 50 ਪਾਰ ਕਰਨ ਮਗਰੋਂ ਵੀ ਕੋਈ ਅੱਲ੍ਹੜ ਮੁਟਿਆਰ ਉਨ੍ਹਾਂ ਵੱਲ ਚਾਹਤ ਨਾਲ ਦੇਖੇ। ਇਸੇ ਲਈ ਅੱਜਕਲ੍ਹ ਵਾਲ ਰੰਗਣ ਦਾ ਫੈਸ਼ਨ ਜਿਹਾ ਹੋ ਗਿਆ ਹੈ। ਕਈ ਵਾਰ ਅਜਿਹੇ ਮਰਦਾਂ ਨੂੰ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਉਹ ਵਾਲਾਂ ਨੂੰ ਮਹਿੰਦੀ ਜਾਂ ਕਲਰ ਲਾ ਕੇ ਬੈਠੇ ਹੋਣ ਤੇ ਉਸ ਸਮੇਂ ਉਨ੍ਹਾਂ ਵੱਲ ਵੇਖਦੀ ਹੋਈ ਕੋਈ ਹਸੀਨਾ ਆ ਜਾਵੇ। ਉਸ ਸਮੇਂ ਉਨ੍ਹਾਂ ਵਿਚਾਰਿਆਂ ਕੋਲ ਅੰਕਲ ਦਾ ਰੋਲ ਕਰਨ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਰਹਿ ਜਾਂਦਾ।

ਅੱਜਕੱਲ੍ਹ ਸਕੂਟਰ ਮੋਟਰ ਸਾਈਕਲ ਉੱਤੇ ਹੈਲਮੇਟ ਪਹਿਨਣਾ ਜ਼ਰੂਰੀ ਹੋਣ ਕਾਰਨ ਕੁਝ ਲੋਕ ਇਸ ਵਿੱਚ ਆਪਣਾ ਉਲੂ ਸਿੱਧਾ ਹੁੰਦਾ ਦੇਖਦੇ ਹਨ। ਹੈਲਮੇਟ ਵਿੱਚ ਵਾਲ ਲੁਕੇ ਹੋਣ ਕਾਰਨ ਆਦਮੀ ਨੂੰ ਖੁਦ ਤਸੱਲੀ ਰਹਿੰਦੀ ਹੈ ਕਿ ਕੋਈ ਉਸ ਸਫੈਦ ਵਾਲ ਨਹੀਂ ਦੇਖ ਰਿਹਾ। ਦੇਸ਼ ਦੇ ਪੰਜਾਹ ਫੀਸਦੀ ਲੋਕ ਰੋਜ਼ ਦਾੜ੍ਹੀ ਬਣਾਉਂਦੇ ਹਨ। ਇਹ ਸਭ ਇਸ ਲਈ ਕਿ ਉਨ੍ਹਾਂ ਦੀਆਂ ਮੁੱਛਾਂ ਤੇ ਦਾੜ੍ਹੀ ਵਿੱਚ ਉਗ ਆਏ ਸਫੈਦ ਵਾਲਾਂ ਨੂੰ ਕੋਈ ਦੇਖ ਕੇ ਉਨ੍ਹਾਂ ਦੀ ਉਮਰ ਨਾ ਭਾਂਪ ਲਵੇ। ਕਈ ਵਿਚਾਰੇ ਮੁੱਛ ਰੱਖਣਾ ਚਾਹੁੰਦੇ ਹਨ, ਪਰ ਸਫੈਦ ਵਾਲ ਆਉਂਦੇ ਰਹਿਣ ਕਰ ਕੇ ਕਲੀਨਸ਼ੇਵ ਹੋਣ 'ਚ ਭਲਾਈ ਸਮਝਦੇ ਹਨ, ਜਦ ਕਿ ਮੁੱਛ ਆਦਮੀ ਦੀ ਪਛਾਣ ਹੁੰਦੀ ਹੈ, ਭਾਵ ਜਿਸ ਦੀ ਮੁੱਛ, ਉਸ ਦੀ ਪੁੱਛ, ਪਰ ਨਹੀਂ, ਉਹ ਮੁੱਛ ਕਾਹਦੀ ਜਿਹੜੀ ਪੋਲ ਹੀ ਖੋਲ੍ਹ ਦੇਵੇ। ਜਿਹੜੇ ਮੁੱਛ ਰੱਖਣਾ ਪਸੰਦ ਕਰਦੇ ਹਨ, ਉਹ ਇਸ ਨੂੰ ਕਾਲਾ ਕਰ ਰਹੇ ਹਨ। ਵਾਲਾਂ ਦਾ ਸਫੈਦ ਹੋਣਾ ਇੱਕ ਮਨੋ ਵਿਗਿਆਨਕ ਸਮੱਸਿਆ ਹੈ। ਇਸ ਵਿੱਚ ਆਦਮੀ ਥੋੜ੍ਹਾ ਸਵੈ-ਕਾਬੂ ਨਾ ਰੱਖੇ ਤਾਂ ਪਾਗਲਪਣ ਦੀ ਹੱਦ ਆ ਸਕਦੀ ਹੈ।

ਦਿਨ-ਬ-ਦਿਨ ਭਿਆਨਕ ਹੁੰਦੀ ਸਫੈਦ ਵਾਲਾਂ ਦੀ ਇਹ ਸਮੱਸਿਆ ਆਪਣੇ ਹੱਲ ਲਈ ਮੂੰਹ ਤੱਕ ਰਹੀ ਹੈ। ਜੇ ਕਿਸੇ ਕੋਲ ਇਸ ਦਾ ਬਿਨਾਂ ਡਾਈ ਦੇ ਕੋਈ ਹੱਲ ਹੋਵੇ ਤਾਂ ਮੈਨੂੰ ਮਿਲੋ, ਕਿਉਂਕਿ ਮੇਰੇ ਵੀ ਵਾਲ ਸਫੈਦ ਹੋਣ ਦੀ ਦਿਸ਼ਾ 'ਚ ਤੇਜ਼ੀ ਨਾਲ ਪਹਿਲ ਕਰ ਰਹੇ ਹਨ।

# ਔਂਦੀ ਯਾਦ ਵਤਨ ਦੀ ਖਾਕ ਹੈ

-ਗੁਰਦੇਵ ਸਿੰਘ ਸਿੱਧੂ

ਪੰਦਰਾਂ ਅਗਸਤ 1947 ਨੂੰ ਦਿੱਲੀ ਦੇ ਲਾਲ ਕਿਲ੍ਹੇ ਬ੍ਰਿਟਿਸ਼ ਸਾਮਰਾਜ ਦਾ ਚਿੰਨ੍ਹ ਯੂਨੀਅਨ ਜੈਕ ਉਤਾਰ ਕੇ ਸੁਤੰਤਰ ਭਾਰਤ ਦਾ ਆਪਣਾ ਕੌਮੀ ਝੰਡਾ ਤਿਰੰਗਾ ਲਹਿਰਾਏ ਜਾਣ ਨਾਲ ਗੁਲਾਮੀ ਦੇ ਯੁੱਗ ਦਾ ਅੰਤ ਹੋ ਗਿਆ। ਆਜ਼ਾਦੀ ਪ੍ਰਾਪਤੀ ਦੀ ਖੁਸ਼ੀ ਵਿੱਚ ਦੇਸ਼ ਵਿੱਚ ਜਸ਼ਨ ਮਨਾਏ ਜਾਣ ਲੱਗੇ, ਪਰ ਪੰਜਾਬੀਆਂ ਲਈ ਖੁਸ਼ੀ ਦਾ ਇਹ ਅਵਸਰ ਵੰਡ ਦਾ ਸੰਤਾਪ ਲੈ ਕੇ ਆਇਆ। ਲੱਖਾਂ ਪੰਜਾਬੀਆਂ ਨੂੰ ਨਾ ਚਾਹੁੰਦਿਆਂ ਵੀ ਆਪਣਾ ਘਰ ਘਾਟ ਛੱਡ ਕੇ ਇਧਰੋਂ ਉਧਰ ਤੇ ਉਧਰੋਂ ਇਧਰ ਆਉਣਾ ਪਿਆ। ਵੱਡੇ ਪੱਧਰ ਉੱਤੇ ਹੋਏ ਆਬਾਦੀ ਦੇ ਤਬਾਦਲੇ ਦੇ ਨਾਲ ਹੋਏ ਜਾਨੀ ਮਾਲੀ ਨੁਕਸਾਨ ਨੇ ਇਸ ਘਟਨਾ ਨੂੰ ਸੰਸਾਰ ਦੀ ਅਜਿਹੀ ਦੁਖਦਾਈ ਘਟਨਾ ਬਣਾ ਦਿੱਤਾ, ਜਿਹੋ ਜਿਹੀ ਘਟਨਾ ਪਹਿਲਾਂ ਕਦੇ ਨਹੀਂ ਸੀ ਵਾਪਰੀ।

ਇਸ ਤਰ੍ਹਾਂ ਦਾ ਹਿਰਦੇ ਵੇਧਕ ਸੰਤਾਪ ਭੋਗਣ ਵਾਲਾ ਸੰਵੇਦਨਸ਼ੀਲ ਵਿਅਕਤੀ ਸੀ ਬਾਬੂ ਰਜਬ ਅਲੀ। ਰਜਬ ਅਲੀ ਦਾ ਜਨਮ 10 ਅਗਸਤ 1894 ਨੂੰ ਉਸ ਵੇਲੇ ਦੇ ਜ਼ਿਲ੍ਹੇ ਫਿਰੋਜ਼ਪੁਰ (ਅੱਜਕੱਲ੍ਹ ਜ਼ਿਲ੍ਹਾ ਮੋਗਾ) ਦੇ ਇੱਕ ਪਿੰਡ ਸਾਹੋਕੇ ਵਿੱਚ ਇੱਕ ਰੱਜੇ ਪੁੱਜੇ ਮੁਸਲਮਾਨ ਪਰਵਾਰ ਵਿੱਚ ਹੋਇਆ। ਮੈਟ੍ਰਿਕ ਤੋਂ ਪਿੱਛੋਂ ਓਵਰਸੀਅਰ ਦੀ ਟਰੇਨਿੰਗ ਲੈ ਕੇ ਉਸ ਨੇ ਪੰਜਾਬ ਦੇ ਸਿੰਚਾਈ ਵਿਭਾਗ ਵਿੱਚ ਨੌਕਰੀ ਕੀਤੀ, ਜਿਸ ਕਾਰਨ ਉਹ ਬਾਬੂ ਵਜੋਂ ਜਾਣਿਆ ਜਾਣ ਲੱਗਾ। ਆਪਣੇ ਪਿਤਾ ਤੋਂ ਪ੍ਰਾਪਤ ਕਾਵਿ ਚੇਟਕ ਉਸ ਨੂੰ ਉਸ ਸਮੇਂ ਦੇ ਪ੍ਰਸਿੱਧ ਕਿੱਸਾਕਾਰ ਮਾਨ ਸਿੰਘ ਕਾਨ੍ਹ ਸਿੰਘ ਵਾਲਾ ਕੋਲ ਲੈ ਗਈ ਅਤੇ ਉਸ ਨੇ ਮਾਨ ਸਿੰਘ ਤੋਂ ਪਿੰਗਲ ਦੀ ਸਿਖਿਆ ਪ੍ਰਾਪਤ ਕੀਤੀ। ਥੋੜ੍ਹੇ ਸਮੇਂ ਵਿੱਚ ਉਹ ਵਧੀਆ ਕਵਿਤਾ ਲਿਖਣ ਦੇ ਸਮਰੱਥ ਹੋ ਗਿਆ ਤਾਂ ਕਵੀਸ਼ਰੀ ਦੇ ਸ਼ੌਕੀ ਉਸ ਦੇ ਗਿਰਦ ਮੰਡਰਾਉਣ ਲੱਗੇ। ਉਸ ਦੀ ਨਹਿਰੀ ਕੋਠੀ ਕਾਵਿ ਰਸੀਆਂ ਦਾ ਟਿਕਾਣਾ ਬਣ ਗਈ।

ਦੇਸ਼ ਨੂੰ ਆਜ਼ਾਦੀ ਮਿਲਣ ਸਮੇਂ ਉਹ ਸਵੇ ਇੱਛਤ ਸੇਵਾ ਮੁਕਤੀ ਲੈ ਕੇ ਕਵੀਸ਼ਰੀ ਖੇਤਰ ਵਿੱਚ ਆਪਣੇ ਚੇਲਿਆਂ-ਚਾਟੜਿਆਂ ਵਿਚਕਾਰ ਵਿਚਰਦਿਆਂ ਖੁਸ਼ਹਾਲ ਸਰਗਰਮ ਜੀਵਨ ਜਿਊ ਰਿਹਾ ਸੀ। ਪਿੰਡ ਵਿੱਚ ਹੀ ਨਹੀਂ, ਇਲਾਕੇ ਵਿੱਚ ਉਸ ਦੀ ਹਰਮਨ ਪਿਆਰਤਾ ਅਤੇ ਅਸਰ ਸਰੂਖ ਦਾ ਇਸ ਤੋਂ ਵੱਡਾ ਪ੍ਰਮਾਣ ਕੀ ਹੋ ਸਕਦਾ ਹੈ ਕਿ ਦੇਸ਼ ਵੰਡ ਦੇ ਫਲਸਰੂਪ ਹੋ ਰਹੇ ਆਬਾਦੀ ਦੇ ਤਬਾਦਲੇ ਕਾਰਨ ਜਦੋਂ ਉਸ ਨੇ ਆਪਣੀ ਜਨਮ ਭੋਇੰ ਸਾਹੋਕੇ ਛੱਡ ਕੇ ਜਾਣ ਦਾ ਫੈਸਲਾ ਕੀਤਾ ਤਾਂ ਵੱਡੀ ਗਿਣਤੀ ਵਿੱਚ ਜਨ ਸਮੂਹ ਸਰਹੱਦ ਤੱਕ ਉਸ ਨੂੰ ਵਿਦਾ ਕਰਨ ਗਿਆ। ਪਿਆਰ ਸਤਿਕਾਰ ਅਤੇ ਅਪਣੱਤ ਦੀ ਇਸ ਨਿੱਘੀ ਭਾਵਨਾ ਦਾ ਫਲ ਸੀ ਕਿ ਉਸ ਦਾ ਭਰਿਆ ਭਕੁੰਨਿਆ ਘਰ ਜਿਉਂ ਦਾ ਤਿਉਂ ਨਾ ਰਿਹਾ, ਸਗੋਂ ਸਾਹੋਕੇ ਵਾਸੀਆਂ ਨੇ ਉਸ ਦੀ ਘੋੜੀ ਤੇ ਚਾਰ ਮੱਝਾਂ ਦੀ ਸਾਂਭ ਸੰਭਾਲ ਵੀ ਉਦੋਂ ਤੱਕ ਨਿਰੰਤਰਤਾ ਨਾਲ ਕੀਤੀ ਜਦ ਤੱਕ ਉਸ ਦਾ ਪੁੱਤਰ ਇਧਰ ਆ ਕੇ ਇਹ ਮਾਲ ਡੰਗਰ ਅਤੇ ਹੋਰ ਕੀਮਤੀ ਸਾਮਾਨ ਨਹੀਂ ਲੈ ਗਿਆ।

ਪਾਕਿਸਤਾਨ ਜਾ ਕੇ ਬਾਬੂ ਰਜਬ ਅਲੀ ਨੂੰ ਆਪਣੇ ਪੈਰ ਜਮਾਉਣ ਵਿੱਚ ਬਹੁਤਾ ਸਮਾਂ ਨਹੀਂ ਲੱਗਾ। ਇਧਰਲੀ ਅਚੱਲ ਜਾਇਦਾਦ ਦੇ ਇਵਜ਼ ਵਿੱਚ ਉਸ ਨੂੰ ਔਕਾੜੇ ਨੇੜੇ ਚੱਕ ਨੰਬਰ 32/2 ਐਲ ਵਿੱਚ ਜ਼ਮੀਨ ਅਲਾਟ ਹੋ ਗਈ। ਉਸ ਦੇ ਵੱਡੇ ਦੋ ਪੁੱਤਰਾਂ ਨੇ ਖੇਤੀ ਵਾਹੀ ਦਾ ਕੰਮ ਸੰਭਾਲ ਲਿਆ ਅਤੇ ਛੋਟਾ ਪੁੱਤਰ ਲਾਹੌਰ ਜਾ ਕੇ ਪੜ੍ਹਾਈ ਕਰਨ ਲੱਗਾ। ਇਉਂ ਪਰਵਾਰਕ ਗੱਡੀ ਲੀਹ ਉਤੇ ਚੱਲ ਪੈਣ ਪਿੱਛੋਂ ਬਾਬੂ ਰਜਬ ਅਲੀ ਸੰਸਾਰਕ ਝਮੇਲਿਆਂ ਤੋਂ ਚਿੰਤਾ ਮੁਕਤ ਹੋ ਕੇ ਕਾਵਿ ਰਚਨਾ ਵਿੱਚ ਰੁੱਝ ਗਿਆ। ਬਾਬੂ ਰਜਬ ਅਲੀ ਕਿੱਸਾਕਾਰੀ ਤਾਂ ਪਹਿਲਾਂ ਵੀ ਕਰਦਾ ਸੀ ਅਤੇ ਉਹ ਇਸ਼ਕੀਆ ਕਿੱਸਿਆਂ ਦੇ ਨਾਲ ਨਾਲ ਹਿੰਦੂ ਮਿਥਿਹਾਸ ਅਤੇ ਸਿੱਖ ਇਤਿਹਾਸ ਵਿੱਚੋਂ ਚੋਣਵੀਆਂ ਘਟਨਾਵਾਂ ਨੂੰ ਕਾਵਿ ਰੂਪ ਦੇ ਕੇ ਆਪਣੀ ਧਰਮ ਨਿਰਪੱਖ ਸੋਚਣੀ ਦਾ ਪ੍ਰਮਾਣ ਦੇ ਚੁੱਕਾ ਸੀ, ਪਰ ਦੇਸ਼ ਵੰਡ ਪਿੱਛੋਂ ਪਾਕਿਸਤਾਨ ਵਿੱਚ ਜਾ ਵੱਸਣ ਦੇ ਨਤੀਜੇ ਵਜੋਂ ਉਸ ਦੀਆਂ ਲਿਖਤਾਂ ਵਿੱਚ ਇੱਕ ਨਵਾਂ ਵਿਸ਼ਾ ਜੁੜਿਆ। ਇਹ ਵਿਸ਼ਾ ਸੀ ਰਾਜਨੀਤਕ ਘਟਨਾਵਾਂ ਦੇ ਫਲਸਰੂਪ ਮਜਬੂਰਨ ਛੱਡਣੀ ਪਈ ਜਨਮ ਭੂਮੀ ਤੋਂ ਵਿੱਛੜ ਜਾਣ ਦਾ ਹੇਰਵਾ। ਬਾਬੂ ਰਜਬ ਅਲੀ ਨੇ ਜੜ੍ਹਾਂ ਨਾਲੋਂ ਟੁੱਟਣ ਦੇ ਕਰਮ ਨੂੰ ਹੱਡੀਂ ਹੰਢਾਇਆ ਸੀ ਤੇ ਇਸ ਦਾ ਕਾਵਿ ਵਰਣਨ ਕਰਨ ਨਾਲ ਉਸ ਦੀ ਆਤਮਾ ਨੂੰ ਠੰਢ ਪੈਂਦੀ ਸੀ। ਇਸ ਲਈ ਜਦ ਵੀ ਉਹ ਕੋਈ ਕਿੱਸਾ ਕਹਾਣੀ ਲਿਖਣੀ ਸ਼ੁਰੂ ਕਰਦਾ, ਉਸ ਦੇ ਅੰਦਰਰਲਾ ਦਰਦ ਆਪ ਮੁਹਾਰੇ ਕਲਮ ਦੀ ਨੋਕ ਉਤੇ ਆ ਜਾਂਦਾ



ਅਤੇ ਸ਼ਬਦਾਂ ਦਾ ਰੂਪ ਧਾਰ ਚੱਲਦੇ ਪ੍ਰਸੰਗ ਵਿੱਚ ਅੰਕਿਤ ਹੋ ਜਾਂਦਾ। ਅਜਿਹੀ ਮਨੋ ਅਵਸਥਾ ਵਿੱਚ ਹੀ ਉਸ ਨੇ 'ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ', 'ਰਜਬਲੀ ਕਵੀਸ਼ਰ ਦੀ, ਸਦਾ ਰਹੇ ਨਗਰੀ ਰੰਗਾਂ ਵਿੱਚ ਵਸਦੀ' ਅਤੇ 'ਮੈਨੂੰ ਉਠਦੇ ਬੈਠਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ' ਦੀ ਰਚਨਾ ਕੀਤੀ। ਉਸ ਨੇ ਵੰਡ ਦੇ ਫਲਸਰੂਪ ਸਾਹੋਕਿਆਂ ਤੋਂ ਪਾਕਿਸਤਾਨ ਵਿੱਚ ਕਿਸੇ ਅਣਦੱਸੀ ਅਣਦੇਖੀ ਥਾਂ ਲਈ ਚੱਲਣ ਸਮੇਂ ਮਨ ਵਿੱਚ ਪਾਏ ਵੈਣਾਂ ਨੂੰ ਏਦਾਂ ਲਿਖਿਆ :

ਮੈਨੂੰ ਰੱਖ ਲੋ ਨਗਰ ਮੇਂ ਜੀ,
ਨਗਰ ਦੇ ਲੋਕੋ ਹੱਥਾਂ ਦੀਆਂ ਵਾਹੋ।
ਬਾਬੂ ਜਾਣ ਦੇਵਣਾ ਨਾ,
ਦਾਸ ਦੀ ਕਬਰ ਬਣਾ ਲੋ ਸਾਹੋ।
ਲਾਸ਼ ਦੱਬ ਦਿਓ ਗਾਮ ਮੇਂ ਜੀ,
ਸੱਚੇ ਕੋਲ ਭੌਰ ਪਹੁੰਚ ਜੂ ਗ੍ਹਾਂ ਗ੍ਹਾਂ।
ਮੈਨੂੰ ਉਠਦੇ ਬੈਠਦੇ ਨੂੰ,
ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਬਾਬੂ ਰਜਬ ਅਲੀ ਨੇ ਵਸੋਂ ਤਬਾਦਲੇ ਨੂੰ ਵਕਤੀ ਤੌਰ ਉੱਤੇ ਰੱਬ ਦਾ ਭਾਣਾ ਮੰਨ ਕੇ ਦਿਲ ਸਮਝਾ ਲਿਆ, ਪਰ ਸੰਗੀਆਂ-ਸਾਥੀਆਂ ਦੇ ਵਿਛੋੜੇ ਦਾ ਦਰਦ ਸਦਾ ਅਜਿਹੀ ਮਨੋਅਵਸਥਾ ਦਾ ਚਿਤਰਣ ਇਉਂ ਕੀਤਾ ਹੈ :

ਮੰਨ ਲੀ ਜੋ ਕਰਦਾ ਰੱਬ ਪਾਕ ਐ,
ਔਂਦੀ ਯਾਦ ਵਤਨ ਦੀ ਖਾਕ ਐ,
ਟੁਟ ਫੁਟ ਟੁਕੜੇ ਬਣ ਗੇ ਦਿਲ ਦੇ,
ਹਾਇ ਮੈਂ ਭੁੱਜ ਗਿਆ ਵਾਂਗੂੰ ਖਿੱਲ ਦੇ,
ਬੱਜਰ ਬਣ ਗੀ ਦੇਹੀ ਐ,
ਵਿਛੜੇ ਯਾਰ ਪਿਆਰੇ,
ਬਣੀ ਮੁਸੀਬਤ ਕੇਹੀ ਐ।

ਇਹੀ ਕਾਰਨ ਸੀ ਕਿ ਭਾਵੇਂ ਨਵੇਂ ਵਸੇਬੇ ਉਤੇ ਵੀ ਬਾਬੂ ਰਜਬ ਅਲੀ ਦੇ ਉਦਾਲੇ ਸ਼ਾਗਿਰਦ ਮੰਡਲੀ ਦਾ ਪਰਵਾਰ ਬਣ ਗਿਆ, ਪਰ ਉਸ ਦੀ ਧੁਰ ਅੰਦਰ ਦੀ ਤਾਰ ਇਧਰਲੇ ਪੰਜਾਬ ਵਿਚਲੇ ਉਨ੍ਹਾਂ ਚੇਲਿਆਂ ਨਾਲ ਹੀ ਜੁੜੀ ਰਹੀ ਜਿਨ੍ਹਾਂ ਨੂੰ ਉਸ ਨੇ 'ਬਾਬੂ ਕਹੇ ਜਗਮੇਲ, ਬਸੰਤ, ਠਾਣਾ, ਪਿਆਰੇ ਸ਼ਿਸ਼ ਕੁਰਾਨ ਦੀ ਆਇਤ ਮੇਰੀ' ਕਹਿੰਦਿਆਂ ਮੋਹ ਭਿੱਜੇ ਮਾਣ ਸਤਿਕਾਰ ਨਾਲ ਯਾਦ ਕੀਤਾ ਸੀ। ਲੋਕ ਬੋਲੀ ਇਹ ਕਹਿੰਦੀ ਹੈ, 'ਰੂਹ ਲੈ ਗਿਆ ਦਿਲਾਂ ਦਾ ਜਾਨੀ, ਬੁੱਤ ਸਾਡਾ ਪਿੱਛੇ ਰਹਿ ਗਿਆ', ਪਰ ਬਾਬੂ ਰਜਬ ਅਲੀ ਦੀ ਸਥਿਤੀ ਵਿੱਚ ਇਸ ਤੋਂ ਉਲਟ ਵਾਪਰਿਆ। ਦੇਸ਼ ਵੰਡ ਦੇ ਫਲ ਸਰੂਪ ਹੋਏ ਵਸੋਂ ਦੇ ਤਬਾਦਲੇ ਕਾਰਨ ਮਜਬੂਰ ਹੋਏ ਬਾਬੂ ਰਜਬ ਅਲੀ ਦੇ ਪਾਕਿਸਤਾਨ ਜਾਣ ਸਮੇਂ ਉਸ ਦੇ ਨਾਲ ਕੇਵਲ ਖਾਕੀ ਸਰੀਰ ਹੀ ਪਾਕਿਸਤਾਨ ਗਿਆ, ਉਸ ਦੀ ਰੂਹ ਆਪਣੀ ਮੁੱਢਲੀ ਕਰਮ ਭੂਮੀ ਵਿੱਚ ਭਟਕਦੀ ਰਹੀ। ਇਹੋ ਕਾਰਨ ਸੀ ਕਿ ਸਰਹੱਦ ਤੋਂ ਓਸ ਪਾਰ ਬੈਠਿਆਂ ਵੀ ਉਸ ਨੂੰ ਸਰਹੱਦ ਦੇ ਇਸ ਪਾਸੇ ਪੈਂਦੀਆਂ ਰਾਸਾਂ, ਗਾਉਂਦੇ ਕਵੀਸ਼ਰ, ਵੱਜਦੀਆਂ ਢੱਡਾਂ ਅਤੇ ਛਣਦੇ ਛੈਣੇ ਸੁਣਾਈ ਦਿੰਦੇ ਤਾਂ ਹੀ ਉਸ ਨੇ ਲਿਖਿਆ :

ਰਾਸਾਂ ਪੈਂਦੀਆਂ ਵਾਂਗ ਕ੍ਰਿਸ਼ਨ ਜੀ ਦੇ,
ਕਰਦੇ ਨਾਚ ਹਮੇਸ਼ਾ ਨਾਚਾਰ ਰਹਿੰਦੇ।
ਸ਼ਬਦ ਪੜ੍ਹਨ ਖੜ੍ਹੇ ਜਥੇ ਢਾਡੀਆਂ ਦੇ,
ਵਜਦੇ ਛੈਣਿਆਂ ਨਾਲ ਸਿਤਾਰ ਰਹਿੰਦੇ।

ਆਪਣੀ ਇਸ ਭਟਕਣਾ, ਇਸ ਵੇਦਨਾ ਦਾ ਬਿਆਨ ਉਸ ਨੇ ਪਾਕਿਸਤਾਨ ਤੋਂ ਇਧਰਲੇ ਜਾਣੂੰਆਂ ਨੂੰ ਲਿਖੇ ਖਤ ਵਿੱਚ ਇਨ੍ਹਾਂ ਸ਼ਬਦਾਂ ਵਿੱਚ ਕੀਤਾ :

ਦੇਵਾਂ ਤਿਫਲ ਤਸੱਲੀਆਂ ਮੈਂ,
ਨਹੀਂ ਦਿਲ ਵਿਰਦਾ,
ਨਹੀਂ ਦਿਲ ਵਿਰਦਾ।
ਮੂੰਹੋਂ ਆਹਾਂ ਨਿਕਲਦੀਆਂ,
ਲੋਕ ਕਹਿਣ ਕਮਲ ਮਾਰਦਾ ਫਿਰਦਾ।
ਰਹੇ ਦਰਦ ਮੱਠਾ ਜਿਹਾ ਜੀ,
ਫਰਕ ਨਾ ਵਾਲ ਬਰਾਬਰ ਪੈਂਦਾ।
ਰਿਹਾ ਭੇਜ ਸਲਾਮਾਂ ਨੂੰ,
ਐਸ ਪਿੰਡ ਜੰਮਿਆ, ਹੋਰ ਪਿੰਡ ਰਹਿੰਦਾ।

ਜਿਸ ਦੇ ਦਿਲ ਵਿੱਚ ਅਜਿਹੇ ਦਰਦ ਦਾ ਨਾਸੂਰ ਹੋਵੇ, ਜਿਸ ਦਾ ਇਲਾਜ ਕੇਵਲ ਅਤੇ ਕੇਵਲ ਆਪਣੀ ਜਨਮ ਭੋਇੰ ਦੀ ਮਿੱਟੀ ਚੁੰਮਣਾ ਅਤੇ ਉਥੋਂ ਦੀ ਹਵਾ ਵਿੱਚ ਸਾਹ ਲੈਣਾ ਹੋਵੇ, ਉਹ ਅਜਿਹਾ ਅਵਸਰ, ਜੋ ਉਸ ਦੀ ਮਰਜ਼ ਦੀ ਦਵਾ ਬਣ ਸੇ, ਭਾਲਣ ਲਈ ਪਲ ਪਲ ਤਾਂਘਦਾ ਹੈ। ਬਾਬੂ ਰਜਬ ਅਲੀ ਨੇ ਵੀ ਆਪਣੇ ਪਿੰਡ ਸਾਹੋਕਿਆਂ ਦੀ ਪੰਚਾਇਤ ਦੇ ਸੱਦੇ ਉਤੇ 1964 ਵਿੱਚ ਇਧਰ ਆਉਣ ਵਾਸਤੇ ਵੀਜ਼ਾ ਪ੍ਰਾਪਤੀ ਲਈ ਦਰਖਾਸਤ ਦਿੱਤੀ। ਬਦਕਿਸਮਤੀ ਨੂੰ ਵੀਜ਼ਾ ਨਾ ਮਿਲਿਆ ਤਾਂ ਵੀਜ਼ਾ ਅਫਸਰ ਲਈ ਇਹ ਸਵਾਲ ਵਾਰ ਵਾਰ ਬਾਬੂ ਰਜਬ ਅਲੀ ਦੀ ਜ਼ੁਬਾਨ ਉਤੇ ਆਉਂਦਾ ਰਿਹਾ, 'ਸਾਈਨ ਕਰਦਿਆਂ ਦੱਸ ਤਕਲੀਫ ਕੀ ਸੀ, ਬੜਾ ਕਰੇ ਅਫਸੋਸ ਪੰਚੈਤ ਮੇਰੀ।' ਅਤੇ ਜਦ ਵਿਧ ਬਣ ਗਈ ਤਾਂ ਉਸ ਦੇ ਪਿੰਡ ਵਾਸੀਆਂ, ਇਲਾਕਾ ਵਾਸੀਆਂ ਤੇ ਉਸ ਦੇ ਚੇਲਿਆਂ ਦੀਆਂ ਆਪਣੇ ਕਾਵਿ-ਗੁਰੂ ਦਾ ਸ਼ਾਨਦਾਰ ਮਾਣ ਸਤਿਕਾਰ ਕਰਨ ਲਈ ਬਣਾਈਆਂ ਯੋਜਨਾਵਾਂ ਉਦੋਂ ਧਰੀਆਂ ਧਰਾਈਆਂ ਰਹਿ ਗਈਆਂ ਜਦ ਹਿੰਦ-ਪਾਕਿ ਜੰਗ ਦੇ ਦੈਂਤ ਦੇ ਪਰਗਟ ਹੋ ਜਾਣ ਕਾਰਨ ਉਸ ਨੂੰ ਗਿਣਤੀ ਦੇ ਦਿਨ ਇਥੇ ਗੁਜ਼ਾਰਨ ਪਿੱਛੋਂ ਵਾਪਸ ਮੁੜਨਾ ਪਿਆ। ਇਸ ਘਟਨਾ ਪਿੱਛੋਂ ਬਾਬੂ ਰਜਬ ਅਲੀ ਨੇ ਲਗਭਗ ਇੱਕ ਦਹਾਕਾ ਹੋਰ ਜੀਵਨ ਭੋਗਿਆ। ਇਸੇ ਅਰਸੇ ਵਿੱਚ ਭਾਵੇਂ ਉਹ ਮੁੜ ਏਥੇ ਆਉਣ ਦਾ ਹੌਸਲਾ ਨਾ ਕਰ ਸਕਿਆ, ਪਰ ਉਹ ਹਰ ਹਾਰ ਸਾਹ ਨਾਲ ਆਪਣੇ ਜਨਮ ਪਿੰਡ ਸਾਹੋਕੇ, ਆਪਣੇ ਕਾਵਿ ਸੇਵਕਾਂ ਅਤੇ ਆਪਣੇ ਸੰਗੀਆਂ ਸਾਥੀਆਂ ਨੂੰ ਯਾਦ ਕਰਦਾ ਰਿਹਾ। ਉਸ ਦੇ ਇੱਕ ਪਾਕਿਸਤਾਨ ਸ਼ਾਗਿਰਦ ਅਲੀ ਨਿਵਾਜ਼, ਜੋ ਬਾਬੂ ਹੋਰਾਂ ਦੇ ਆਖਰੀ ਪਲਾਂ ਸਮੇਂ ਉਸ ਦੇ ਕੋਲ ਸੀ, ਨੇ ਇਨ੍ਹਾਂ ਅੰਤਿਮ ਘੜੀਆਂ ਦੀ ਬਿਰਹੋਂ ਵੇਦਨਾ ਨੂੰ ਬੜੇ ਦਰਦ ਭਿੱਜੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ। ਅਲੀ ਨਿਵਾਜ਼ ਮੁਤਾਬਕ ਬਾਬੂ ਜੀ ਨੇ ਮੌਤ ਦੇ ਫਰਿਸ਼ਤੇ ਨੂੰ ਇਹ ਸਿਫਾਰਸ਼ ਕੀਤੀ :

ਕਹਿਣ ਲੱਗੇ ਫਰਿਸ਼ਤੇ ਨੂੰ,
ਮੇਰੀ ਰੂਹ ਨੂੰ ਲੈ ਜਾ ਜਿਧਰ ਜੀ ਤੇਰਾ।
ਪਰ ਸੱਜਣ ਮਿਲਾ ਦੇਵੀਂ,
ਮੰਨ ਲੈ ਰੱਬ ਦਾ ਵਾਸਤਾ ਮੇਰਾ।
ਫੇਰ ਲੈ ਜਾਵੀਂ ਅਰਸ਼ਾਂ ਤੇ,
ਕੇਰਾਂ ਤੂੰ ਸਾਹੋ ਸੈਰ ਕਰਾ ਕੇ।
ਵੀਰਾ! ਬਾਰਡਰ ਲੰਘ ਕੇ ਤੇ,
ਵੇਖ ਲੋ ਕਬਰ ਗੁਰੂ ਦੀ ਆ ਕੇ।

ਜਦ ਪ੍ਰਾਣ ਪੰਖੇਰੂ ਉਡਾਰੀ ਮਰਨ ਲੱਗੇ ਤਾਂ ਵੀ :

ਭੌਰ ਉਡਿਆ ਜਾਂਦਾ ਵੀ,
ਕਰਦਾ ਜਾਂਦਾ 'ਸਾਹੋ' 'ਸਾਹੋ'
ਕਹੇ ਜਨਮ ਭੂਮਕਾ ਮੇਂ,
ਮੇਰੀ ਅਰਤੀ ਮੋੜ ਲਿਆਓ।
ਬਿਨਾਂ ਸੱਜਣ ਪਿਆਰਿਆਂ ਦੇ,
ਕਰੂੰ ਕੀ ਸੁਰਗਾਂ ਦੇ ਵਿੱਚ ਜਾ ਕੇ।
ਵੀਰ! ਬਾਰਡਰ ਲੰਘ ਕੇ ਤੇ,
ਵੇਖ ਲੋ ਕਬਰ ਗੁਰੂ ਦੀ ਆ ਕੇ।

ਆਪਣੇ ਜਨਮ ਸਥਾਨ 'ਸਾਹੋ', ਜਿੱਥੋਂ ਦੀ ਪਾਕ ਪਵਿੱਤਰ ਮਿੱਟੀ ਵਿੱਚ ਖੇਡਦਿਆਂ, ਤੁਰਦਿਆਂ ਫਿਰਦਿਆਂ ਤੇ ਜਿੱਥੋਂ ਦੀ ਸੁਗੰਧੀਆਂ ਭਰੀ ਪੌਣ ਵਿੱਚ ਸਾਹ ਲੈਂਦਿਆਂ ਉਸ ਨੇ ਜ਼ਿੰਦਗੀ ਦੇ ਪੰਜ ਦਹਾਕੇ ਪੂਰੇ ਕੀਤੇ, ਨੂੰ ਨਤਮਸਤਕ ਹੋਣ ਦੀ ਤਾਂਘ ਅਧੂਰੀ ਰਹਿਣ ਦਾ ਬਦਲ ਬਾਬੂ ਰਜਬ ਅਲੀ ਦੀ ਨਿਗਾਹ ਵਿੱਚ ਇਹੋ ਸੀ ਕਿ ਉਸ ਦੇ ਸੱਜਣ ਮਿੱਤਰ ਅਤੇ ਚੇਲੇ-ਬਾਲਕੇ ਪਾਕਿਸਤਾਨ ਆ ਕੇ ਉਸ ਦੀ ਕਬਰ ਨੂੰ ਸਿਜਦਾ ਕਰ ਜਾਣ। ਤਦੇ ਹੀ ਅਲੀ ਨਿਵਾਜ਼ ਦੇ ਸ਼ਬਦਾਂ ਰਾਹੀਂ ਉਹ ਵਾਰ ਵਾਰ ਕੂਕਦਾ ਹੈ, ''ਵੀਰ! ਬਾਰਡਰ ਲੰਘ ਕੇ ਤੇ, ਵੇਖ ਲੋ ਕਬਰ ਗੁਰੂ ਦੀ ਆ ਕੇ।''

ਰੁਦਨ ਦੇ ਇਹ ਸ਼ਬਦ ਕੇਵਲ ਬਾਬੂ ਰਜਬ ਅਲੀ ਦੀ ਹੀ ਨਹੀਂ, ਆਪਣੀ ਜਨਮ ਭੋਇੰ ਤੋਂ ਟੁੱਟੇ ਸਾਰੇ ਲੋਕਾਂ ਦੀ ਮਾਨਸਿਕਤਾ ਦੀ ਪ੍ਰਤੀਨਿਧਤ ਕਰਦੇ ਹਨ।

# ਇਕ ਤੁਕੀ ਬੋਲੀ ਵਿੱਚ ਸੰਪੂਰਨ ਜੀਵਨ

-ਅੰਮ੍ਰਿਤ ਪਾਲ

ਬੋਲੀਆਂ ਦਾ ਲੋਕ ਕਾਵਿ ਦੀ ਨਾਚ ਗੀਤ ਵੰਨਗੀ ਅਧੀਨ ਹੋਣਾ ਇਸ ਨੂੰ ਹੋਰ ਵੰਨਗੀਆਂ ਤੋਂ ਵਖਰਿਆਉਂਦਾ ਹੈ। ਬੋਲੀਆਂ ਦੀ ਵੰਡ ਇਕ ਤੁਕੀ, ਦੋ ਤੁਕੀ ਅਤੇ ਲੰਮੀਆਂ ਬੋਲੀਆਂ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਇਕ ਤੁਕੀ ਬੋਲੀ ਦੀ ਲੋਕ ਗੀਤਾਂ ਵਿੱਚ ਖਾਸ ਥਾਂ ਹੈ। ਇਸ ਨੂੰ ਇਕ ਲੜੀਆਂ ਬੋਲੀਆਂ ਵੀ ਕਿਹਾ ਜਾਂਦਾ ਹੈ। ਮਾਲਵਾ ਵਿੱਚ ਪ੍ਰਚੱਲਿਤ ਹੋਣ ਕਾਰਨ ਇਨ੍ਹਾਂ ਨੂੰ ਮਲਵਈ ਟੱਪੇ ਕਹਿੰਦੇ ਹਨ। ਨਿੱਕੀ ਬੋਲੀ ਦੀ ਖਾਸੀਅਤ ਨਿੱਕੇਪਣ ਵਿੱਚ ਸੰਪੂਰਨਤਾ ਦਾ ਹੋਣਾ ਹੈ। ਨਿੱਕੀ ਬੋਲੀ ਰਾਹੀਂ ਮਨੋਭਾਵ ਥੋੜ੍ਹੇ ਸਮੇਂ ਤੇ ਸ਼ਬਦਾਂ ਵਿੱਚ ਸੌਖਾਲੇ ਬਿਆਨ ਹੋਣ ਕਰਕੇ ਇਹ ਆਪਣੇ ਆਪ ਵਿੱਚ ਸੰਪੂਰਨ ਇਕਾਈ ਹੈ। ਨਿੱਕੀ ਬੋਲੀ ਵਿੱਚੋਂ ਸੰਪੂਰਨ ਜੀਵਨ ਰੰਗ ਝਲਕਾਰੇ ਮਾਰਦੇ ਹਨ। ਇਨ੍ਹਾਂ ਵਿੱਚ ਜ਼ਿੰਦਗੀ ਦੇ ਅਰਥ ਹਨ, ਸੰਪੂਰਨ ਜੀਵਨ ਜਾਂਚ, ਸਾਕਾਦਾਰੀ, ਰਹਿਣੀ ਬਹਿਣੀ, ਲੋਕ ਸਿਆਣਪਾਂ, ਪਿਆਰ ਮੁਹੱਬਤ ਆਦਿ ਹਨ। ਲੋਕ ਨਾਚ ਗਿੱਧਾ ਇਸ ਨੂੰ ਪ੍ਰਗਟ ਰੂਪ ਦਿੰਦਾ ਹੈ। ਸ਼ਬਦਾਂ ਅੰਦਰ ਗੁੱਝੀਆਂ ਸਥਿਤੀਆਂ ਅਤੇ ਭਾਵ ਸਰੀਰਿਕ ਅੰਗਾਂ ਦੀਆਂ ਹਰਕਤਾਂ ਰਾਹੀਂ ਸਿਰਜੇ ਬਿੰਬ ਅਤੇ ਪ੍ਰਤੀਕਾਂ ਨਾਲ ਉਭਰ ਕੇ ਸਾਹਮਣੇ ਆਉਂਦੇ ਹਨ। ਨਾਚ ਮੁਦਰਾ ਬੋਲੀਆਂ ਅਨੁਸਾਰ ਢਲ ਜਾਂਦੀਆਂ ਹਨ। ਇਨ੍ਹਾਂ ਦਾ ਆਕਾਰ ਭਾਵੇਂ ਛੁਟੇਰਾ ਹੈ, ਪਰ ਇਨ੍ਹਾਂ ਵਿੱਚੋਂ ਜੀਵਨ ਦੀ ਸੰਪੂਰਨਤਾ ਦ੍ਰਿਸ਼ਟੀ ਗੋਚਰ ਹੁੰਦੀ ਹੈ। ਇਨ੍ਹਾਂ ਦੀ ਇਕ ਹੋਰ ਵਿਸ਼ੇਸ਼ਤਾ ਅਖਾਣਾਂ ਮੁਹਾਵਰਿਆਂ ਵਾਂਗ ਜ਼ੁਬਾਨ 'ਤੇ ਆਸਾਨੀ ਨਾਲ ਚੜ੍ਹ ਜਾਣਾ ਹੈ। ਸਮਾਜਿਕ, ਸੱਭਿਆਚਾਰਕ, ਆਰਥਿਕ, ਧਾਰਮਿਕ ਦ੍ਰਿਸ਼ਟੀ ਤੋਂ ਵਾਚਣ ਨਾਲ ਇਨ੍ਹਾਂ ਦੀ ਵਿਸ਼ਾਲਤਾ ਦੇ ਭੇਦਾਂ ਦੀਆਂ ਹੋਰ ਪਰਤਾਂ ਵੀ ਖੋਲ੍ਹੀਆਂ ਜਾ ਸਕਦੀਆਂ ਹਨ।



ਨਿੱਕੀਆਂ ਬੋਲੀਆਂ ਰਿਸ਼ਤਿਆਂ ਨੂੰ ਉਜਾਗਰ ਤੇ ਬਿਆਨ ਕਰਕੇ ਗਾਗਰ ਵਿੱਚ ਸਾਗਰ ਭਰਨ ਦਾ ਕਾਰਜ ਕਰਦੀਆਂ ਹਨ। ਇਨ੍ਹਾਂ ਦੇ ਵਿਸ਼ੇ ਮਾਪੇ ਅਤੇ ਧੀ, ਭੈਣ-ਭਰਾ, ਨੂੰਹ-ਸੱਸ, ਦਿਓਰ-ਭਰਜਾਈ, ਜੀਜਾ-ਸਾਲੀ, ਪਤੀ-ਪਤਨੀ ਦੇ ਨਾਲ ਸਬੰਧਤ ਹਨ। ਜਵਾਨ ਧੀ ਦੇ ਸੁਪਨੇ ਸੱਧਰਾਂ ਪ੍ਰਗਟ ਕਰਦੇ ਭਾਵ ਪਿਤਾ ਰਾਹੀਂ ਭਾਲੇ ਜਾ ਰਹੇ ਵਰ ਘਰ ਲਈ ਨਿੱਕੀ ਬੋਲੀ ਰਾਹੀਂ ਬਹੁਤ ਵੱਡਾ ਸੁਨੇਹਾ ਦਿੰਦੇ ਹਨ:

ਜਿਥੇ ਲਿੱਪਣੇ ਨਾ ਪੈਣ ਬਨੇਰੇ,
ਉਸ ਘਰ ਦੇਈਂ ਬਾਬਲਾ

ਇਕ ਪਾਸੇ ਬਾਬਲ ਦੇ ਦਿਲ ਵਿੱਚ ਵਿਹੜੇ ਬੈਠੀ ਜਵਾਨ ਧੀ ਦੇ ਵਿਆਹ ਦੀ ਚਿੰਤਾ ਹੈ, ਧੀ ਨੂੰ ਸਹੁਰੇ ਘਰ ਤੋਰਨ ਸਮੇਂ ਦੀ ਮਨੋਦਸ਼ਾ ਦਾ ਹਾਲ ਹੈ, ਦੂਸਰੇ ਪਾਸੇ ਧੀ ਦੇ ਸਹੁਰੇ ਘਰ ਪ੍ਰਤੀ ਦੁੱਖੜੇ ਹਨ, ਰਚਾਏ ਅਣਜੋੜ ਵਿਆਹ ਤਾਂ ਬਾਬਲ ਨੂੰ ਮਿਹਣਾ ਹੈ:

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ,
ਬਾਪੂ ਦੇ ਪਸੰਦ ਆ ਗਿਆ

ਵੀਰ-ਭੈਣ ਦਾ ਰਿਸ਼ਤਾ ਬਹੁਤ ਮਹਾਨ ਹੈ। ਭੈਣ ਅਰਜੋਈਆਂ ਕਰ-ਕਰ ਪਹਿਲਾਂ ਰੱਬ ਤੋਂ ਵੀਰ ਮੰਗਦੀ ਹੈ ਤੇ ਫਿਰ ਵੀਰ ਦੇ ਘਰ ਪੁੱਤ ਲਈ ਸੁੱਖਣਾ ਸੁੱਖਦੀ ਅਰਦਾਸਾਂ ਕਰਦੀ ਹੈ:

ਇਕ ਵੀਰ ਦੇਈਂ ਵੇ ਰੱਬਾ,
ਸਹੁੰ ਖਾਣ ਨੂੰ ਬੜਾ ਈ ਚਿੱਤ ਕਰਦਾ

ਪਿਆਰ ਮੁਹੱਬਤ ਜੋਬਨ ਰੁੱਤ ਦਾ ਗਹਿਣਾ ਗੱਟਾ ਹੈ। ਜਵਾਨੀ ਵਿੱਚ ਦੋ ਦਿਲਾਂ ਦੀ ਖਿੱਚ ਮਹਿਸੂਸ ਕਰਨਾ ਖੂਬਸੂਰਤ ਹੁੰਦਾ ਹੈ, ਪਰ ਸਾਡੀਆਂ ਸਮਾਜਿਕ ਅਤੇ ਸੱਭਿਆਚਾਰਕ ਕੀਮਤਾਂ ਵਿੱਚ ਹੋਰ ਦੇਸ਼ਾਂ ਜਾਂ ਸਮਾਜਾਂ ਜਿੰਨੀ ਖੁੱਲ੍ਹ ਨਹੀਂ, ਪਰ ਹਰ ਇਕ ਮਨ ਵਿੱਚ ਦੱਬਿਆ ਘੁੱਟਿਆ ਪਿਆਰ ਇਨ੍ਹਾਂ ਬੋਲੀਆਂ ਵਿੱਚ ਹਰ ਜਵਾਨ ਦਿਲ ਦੀ ਪੈਰਵੀ ਕਰਦਾ ਹੈ:

ਚੁੰਨੀ ਰੰਗ ਦੇ ਲਲਾਰੀਆ ਮੇਰੀ,
ਮਿੱਤਰਾਂ ਦੀ ਪੱਗ ਵਰਗੀ
ਮੈਨੂੰ ਹੋਰ ਨਾ ਤ੍ਰਿਸ਼ਨਾ ਕੋਈ,
ਭੁੱਖ ਤੇਰੇ ਦਰਸ਼ਨ ਦੀ

ਔਰਤ ਦੀ ਸੁੰਦਰਤਾ ਨੂੰ ਵੱਖੋ ਵੱਖਰੀਆਂ ਉਪਮਾਵਾਂ ਦੇ ਕੇ ਬਿਆਨ ਕੀਤਾ ਗਿਆ ਹੈ। ਕਿਧਰੇ ਸੁਲਫੇ ਦੀ ਲਾਟ ਹੈ, ਕਿਧਰੇ ਰੰਗ ਮਹਿਕ ਖਿੰਡਾਉਂਦਾ ਹੈ, ਕਿਧਰੇ ਗੋਰੇ ਧੁੱਪ ਵਾਂਗ ਲਿਸ਼ਕਦੇ ਰੰਗ ਤੋਂ ਦਹੀਂ ਦੇ ਸ਼ਰਮਾਉਣ ਦੀ ਗੱਲ ਹੈ:

ਤੈਨੂੰ ਦੇਖ ਕੇ ਦਹੀਂ ਸ਼ਰਮਾਵੇ,
ਨੀਂ ਧੁੱਪ ਵਾਂਗੂ ਲਿਸ਼ਕਦੀਏ

ਸਮਾਜਿਕ ਕਦਰਾਂ ਕੀਮਤਾਂ ਨਾਲ ਸਬੰਧਤ ਥੋੜ੍ਹੇ ਸ਼ਬਦ ਅਤੇ ਕੁਝ ਕੁ ਪਲ ਜੀਵਨ ਦਾ ਅਹਿਮ ਫਲਸਫਾ ਪੇਸ਼ ਕਰਦੇ ਹਨ। ਧਰਮ ਮਨੁੱਖੀ ਕਰਮਾਂ ਦੁਆਲੇ ਘੁੰਮਦਾ ਹੈ। ਕੀਤੇ ਚੰਗੇ ਮਾੜੇ ਕਾਰਜ ਮਨੁੱਖੀ ਜੀਵਨ ਲਈ ਮਿੱਠੇ ਜਾਂ ਕੌੜੇ ਅਨੁਭਵ ਬਣਦੇ ਹਨ, ਵਧੀਆ ਕਾਰਜ ਲੋਕ ਪ੍ਰਲੋਕ ਵਿੱਚ ਸਹਾਈ ਹੁੰਦੇ ਹਨ:

ਕਿੱਥੋਂ ਭਾਲਦਾ ਅੰਬਾਂ ਦੇ ਮੇਵੇ,
ਕਿੱਕਰਾਂ ਦੇ ਬੀ ਬੀਜ ਕੇ

ਜੀਵਨ ਫਲਸਫੇ ਸਬੰਧੀ ਕਿਤਾਬਾਂ ਦਾ ਨਿਚੋੜ ਬੜੇ ਸਹਿਜ ਅਤੇ ਸਾਦੇ ਢੰਗ ਨਾਲ ਬਿਆਨ ਕਰਕੇ ਸੁਣਨ ਵਾਲੇ 'ਤੇ ਇਕਦਮ ਇਸ ਤਰ੍ਹਾਂ ਅਸਰ ਕਰਦਾ ਹੈ ਕਿ ਸਭ ਨੂੰ ਸਹਿਮਤ ਹੋਣਾ ਪੈਂਦਾ ਅਤੇ ਹਾਂ ਵਿੱਚ ਸਿਰ ਹਿਲਾਉਣਾ ਪੈਂਦਾ ਹੈ:

ਹੁਸਨ ਜਵਾਨੀ ਮਾਪੇ,
ਤਿੰਨ ਰੰਗ ਨਹੀਂ ਲੱਭਣੇ

ਅਕਲ ਮਨੁੱਖ ਲਈ ਜੀਵਨ ਭਰ ਦੇ ਗਹਿਣੇ ਬਰਾਬਰ ਹੈ। ਸ਼ਕਲ ਸੂਰਤ, ਰੂਪ ਰੰਗ ਕੁਝ ਕੁ ਦਿਨਾਂ ਦੇ ਮਨੁੱਖ ਲਈ ਭਰਮ ਭੁਲੇਖੇ ਹਨ। ਅਕਲ ਦਾ ਹਮੇਸ਼ਾ ਮੁੱਲ ਪੈਂਦਾ ਹੈ। ਗੋਰੇ ਰੰਗ ਦਾ ਅਕਲ ਨਾਲ ਕੋਈ ਮੁਕਾਬਲਾ ਨਹੀਂ:

ਗੋਰੇ ਰੰਗ ਨੂੰ ਕੋਈ ਨਹੀਂ ਪੁੱਛਦਾ,
ਮੁੱਲ ਪੈਂਦੇ ਅਕਲਾਂ ਦੇ

ਪਿੰਡ ਸ਼ੁਰੂ ਤੋਂ ਹੀ ਖੇਤੀ ਪ੍ਰਧਾਨ ਰਹੇ ਹਨ। ਕਿਸਾਨੀ ਜੀਵਨ ਦੇ ਰੁਝੇਵੇਂ ਸਵੇਰ ਤੋਂ ਸ਼ਾਮ ਤੱਕ ਪਿੱਛਾ ਨਹੀਂ ਛੱਡਦੇ। ਇਕ ਕਾਰਜ ਖਤਮ ਨਹੀਂ ਹੁੰਦਾ, ਦੂਸਰਾ ਸ਼ੁਰੂ ਹੋ ਜਾਂਦਾ ਹੈ:

ਜੱਟਾ ਤੇਰੀ ਜੂਨ ਬੁਰੀ,
ਹਲ ਛੱਡ ਕੇ ਚਰ੍ਹੀ ਨੂੰ ਜਾਣਾ

ਖੂਹ ਜਾਂ ਤਲਾਬ ਤੋਂ ਪਾਣੀ ਭਰਨਾ, ਕੱਤਣਾ, ਤ੍ਰੰਮਣਾ, ਛੱਟਣਾ, ਪੀਹਣਾ ਪੇਂਡੂ ਸੁਆਣੀ ਦੇ ਜੀਵਨ ਰੁਝੇਵਿਆਂ ਵਿੱਚੋਂ ਪ੍ਰਮੁੱਖ ਸਨ। ਘਰੇਲੂ ਕੰਮਾਂ ਤੋਂ ਇਲਾਵਾ ਖੇਤੀਬਾੜੀ ਦੇ ਕਾਰਜ ਵਿੱਚ ਹੱਥ ਵਟਾਉਣਾ ਵੀ ਔਰਤਾਂ ਦੇ ਕਾਰਜਾਂ ਦੇ ਘੇਰੇ ਵਿੱਚ ਹੀ ਆਉਂਦਾ ਸੀ:

ਝੁਕ ਜਾ ਕਪਾਹ ਦੀਏ ਛਿੱਟੀਏ,
ਪਤਲੋ ਦੀ ਬਾਂਹ ਥੱਕਗੀ

*******

ਉਥੇ ਲੈ ਚੱਲ ਚਰਖਾ ਮੇਰਾ,
ਵੇ ਜਿਥੇ ਤੇਰੇ ਹਲ ਚੱਲਦੇ

ਕੱਤਣਾ ਪਿੰਡਾਂ ਵਿੱਚ ਔਰਤਾਂ ਦਾ ਪ੍ਰਮੁੱਖ ਕਾਰਜ ਸੀ, ਕਿਸੇ ਤ੍ਰਿੰਝਣ, ਸਾਂਝੀ ਜਗ੍ਹਾ, ਗਲੀ ਜਾਂ ਘਰ ਦੇ ਵਿਹੜੇ ਵਿੱਚ ਬਹਿ ਕੇ ਔਰਤਾਂ ਕੱਤਦੀਆਂ ਸਨ:

ਦੂਜਾ ਡਾਹ ਲਿਆ ਗਲੀ ਵਿੱਚ ਚਰਖਾ,
ਇਕ ਤੇਰਾ ਰੰਗ ਮੁਸ਼ਕੀ

ਆਪਸੀ ਲੜਾਈ ਝਗੜੇ, ਮਰਦਾਂ ਦੇ ਖੇਤੀ ਤੋਂ ਇਲਾਵਾ ਹੋਰ ਕਿੱਤੇ ਜਾਂ ਕਾਰਜ, ਫਸਲਾਂ ਦੀਆਂ ਕਿਸਮਾਂ, ਮੇਲੇ ਤਿਓਹਾਰ ਗਹਿਣਾ ਗੱਟਾ, ਖਾਣ ਪੀਣ, ਵਿਹਲੇ ਸਮੇਂ ਦੇ ਆਹਰ, ਹਾਰ ਸ਼ਿੰਗਾਰ ਨਾਲ ਸਬੰਧਤ ਵਿਸ਼ੇ ਨਿੱਕੀਆਂ ਬੋਲੀਆਂ ਵਿੱਚ ਸ਼ਾਮਲ ਹਨ। ਨਿੱਕੀ ਬੋਲੀ ਕਹਿਣ ਨੂੰ ਹੀ ਨਿੱਕੀ ਹੈ, ਪਰ ਇਸ ਵਿੱਚ ਜ਼ਿੰਦਗੀ ਦਾ ਹਰ ਅੰਸ਼ ਸਮਾਇਆ ਹੋਇਆ ਹੈ। ਇਨ੍ਹਾਂ ਵਿੱਚ ਤਾਂ ਜ਼ਿੰਦਗੀ ਦੇ ਉਹ ਪੱਖ ਜਾਂ ਵਿਸ਼ੇ ਵੀ ਹਨ ਜਿਨ੍ਹਾਂ ਨੂੰ ਆਮ ਗੱਲਬਾਤ ਵਿੱਚ ਪ੍ਰਗਟ ਕਰਨ ਸਮੇਂ ਸੰਕੋਚ ਕੀਤਾ ਜਾਂਦਾ ਹੈ ਜਾਂ ਕਹਿਣ ਤੋਂ ਝਿਜਕਦੇ ਹਾਂ, ਪਰ ਇਨ੍ਹਾਂ ਬੋਲੀਆਂ ਨਾਲ ਆਸਾਨੀ ਨਾਲ ਬਿਆਨ ਕੀਤਾ ਗਿਆ ਹੈ।

# ਨਿਘਾਰ ਵੱਲ ਜਾ ਰਿਹਾ ਡਾਕਟਰੀ ਪੇਸ਼ਾ

-ਗੁਰਤੇਜ ਸਿੰਘ

ਡਾਕਟਰ ਨੂੰ ਰੱਬ ਦਾ ਰੂਪ ਜਾਣ ਕੇ ਸਮਾਜ ਉਸ ਦੀ ਅਤੇ ਉਸ ਦੇ ਕੰਮ ਦੀ ਸ਼ਲਾਘਾ ਕਰਦਾ ਹੈ। ਡਾਕਟਰ ਹੋਣਾ ਆਪਣੇ-ਆਪ 'ਚ ਬੜੇ ਮਾਣ ਦੀ ਗੱਲ ਹੈ ਤੇ ਜਦ ਮਰੀਜ਼ ਠੀਕ ਹੋ ਕੇ ਉਸ ਦਾ ਧੰਨਵਾਦ ਕਰਦਾ ਹੈ ਤਾਂ ਇਹ ਭਾਵਨਾ ਇੱਕ ਡਾਕਟਰ ਨੂੰ ਸਕੂਨ ਬਖਸ਼ਦੀ ਹੈ। ਡਾਕਟਰ ਅਤੇ ਮਰੀਜ਼ ਦੇ ਰਿਸ਼ਤੇ ਵਿੱਚ ਇੱਕ ਕੁਦਰਤੀ ਸਦੀਵੀ ਬੰਧਨ ਹੁੰਦਾ ਹੈ। ਇਸੇ ਨਾਲ ਇੱਕ ਕਾਬਲ ਡਾਕਟਰ ਮਰੀਜ਼ ਨੂੰ ਨਵਾਂ ਜੀਵਨ ਦੇਣ ਲਈ ਆਪਣੀਆਂ ਅਣਥੱਕ ਸੇਵਾਵਾਂ ਦਿੰਦਾ ਹੈ। ਡਾਕਟਰ ਦੀ ਮਾਨਵਤਾ ਨੂੰ ਬਹੁਤ ਵੱਡੀ ਦੇਣ ਇਹ ਹੁੰਦੀ ਹੈ ਕਿ ਉਹ ਨਿਰ ਸਵਾਰਥ ਭਾਵਨਾ ਨਾਲ ਰੋਗੀਆਂ ਦੇ ਦੁੱਖ ਦੂਰ ਕਰਨ ਲਈ ਸਦਾ ਤਤਪਰ ਰਹਿੰਦਾ ਹੈ। ਇਸੇ ਲਈ ਸਮਾਜ ਨੇ ਡਾਕਟਰਾਂ ਦੀ ਸੇਵਾ ਭਾਵਨਾ ਨੂੰ ਸਮਰਪਿਤ ਤੇ ਉਨ੍ਹਾਂ ਦੇ ਸਨਮਾਨ ਵਿੱਚ ਵੱਖ-ਵੱਖ ਦੇਸ਼ਾਂ ਅੰਦਰ ਕੌਮੀ ਡਾਕਟਰ ਦਿਵਸ ਮਨਾਉਣ ਦੀ ਪਿਰਤ ਪਾਈ ਹੈ।

ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਦਿਨ ਹਨ, ਜਦੋਂ ਉਥੇ ਕੌਮੀ ਡਾਕਟਰ ਦਿਵਸ ਮਨਾਇਆ ਜਾਂਦਾ ਹੈ। ਪਹਿਲੀ ਵਾਰ ਡਾਕਟਰ ਦਿਵਸ ਤੀਹ ਮਾਰਚ 1933 ਨੂੰ ਵਾਂਈਡਰ (ਜਾਰਜੀਆ) ਵਿੱਚ ਮਨਾਇਆ ਗਿਆ ਸੀ। ਡਾਕਟਰ ਚਾਰਲਸ ਬੀ ਅਲਮੰਡ ਦੀ ਪਤਨੀ ਇਡੋਰਾ ਬਰਾਊਨ ਅਲਮੰਡ ਨੇ ਕਿਹਾ ਸੀ ਕਿ ਇਸ ਦਿਨ ਡਾਕਟਰਾਂ ਨੂੰ ਸਨਮਾਨ ਦੇਣ ਲਈ ਗੁਲਦਸਤੇ ਆਦਿ ਭੇਜੇ ਜਾਣ। ਅਮਰੀਕਾ ਵਿੱਚ ਰਾਸ਼ਟਰਪਤੀ ਨੇ ਸੈਨੇਟ ਵਿੱਚ ਤੀਹ ਅਕਤੂਬਰ 1990 ਨੂੰ ਪਬਲਿਕ ਕਾਨੂੰਨ ਤਹਿਤ ਉਥੇ ਤੀਹ ਮਾਰਚ ਨੂੰ ਰਾਸ਼ਟਰੀ ਡਾਕਟਰ ਦਿਵਸ ਐਲਾਨਿਆ। ਭਾਰਤ ਵਿੱਚ ਕੌਮੀ ਡਾਕਟਰ ਦਿਵਸ ਇੱਕ ਜੁਲਾਈ ਨੂੰ ਮਨਾਇਆ ਜਾਂਦਾ ਹੈ। ਦੇਸ਼ ਵਿੱਚ ਪਹਿਲੀ ਵਾਰ ਡਾਕਟਰ ਦਿਵਸ ਇੱਕ ਜੁਲਾਈ 1991 ਨੂੰ ਮਨਾਇਆ ਗਿਆ।



ਸਾਡੇ ਦੇਸ਼ ਵਿੱਚ ਇਹ ਦਿਵਸ ਭਾਰਤ ਰਤਨ ਡਾਕਟਰ ਬੀ ਸੀ ਰਾਏ, ਉਨ੍ਹਾਂ ਦੇ ਜਨਮ ਦਿਨ ਅਤੇ ਬਰਸੀ ਨੂੰ ਮੁੱਖ ਰੱਖ ਕੇ ਉਨ੍ਹਾਂ ਦੇ ਸਨਮਾਨ ਹਿੱਤ ਇਹ ਦਿਨ ਡਾਕਟਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

ਬੀਤੇ ਅਪ੍ਰੈਲ ਵਿੱਚ ਲੰਡਨ ਵਿੱਚ ਬੋਲਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਹੀ ਮੁਲਕ ਦੀਆਂ ਸਿਹਤ ਸੇਵਾਵਾਂ ਵਿੱਚ ਲੱਗੇ ਡਾਕਟਰਾਂ ਦੀ ਕਾਰਗੁਜ਼ਾਰੀ ਉਤੇ ਸਵਾਲ ਚੁੱਕਿਆ ਸੀ ਕਿ ਸਾਡੇ ਦੇਸ਼ ਦੇ ਜ਼ਿਆਦਾ ਡਾਕਟਰ ਨਿੱਜੀ ਹਿੱਤਾਂ ਖਾਤਰ ਮਰੀਜ਼ਾਂ ਨੂੰ ਗੁੰਮਰਾਹ ਕਰਦੇ ਹਨ। ਬੇਲੋੜੀਆਂ-ਮਹਿੰਗੀਆਂ ਦਵਾਈਆਂ ਅਤੇ ਟੈਸਟ, ਆਪਰੇਸ਼ਨ ਦਾ ਸਾਜ਼ੋ-ਸਮਾਨ (ਸਟੈਂਟ ਆਦਿ) ਮਰੀਜ਼ ਨੂੰ ਵੱਡੀ ਬਿਮਾਰੀ ਦਾ ਡਰ ਵਿਖਾ ਕੇ ਵੇਚਿਆ ਜਾ ਰਿਹਾ ਹੈ। ਦਵਾਈਆਂ ਦੀਆਂ ਕੰਪਨੀਆਂ ਦੀ ਮਿਲੀਭੁਗਤ ਨਾਲ ਮਹਿੰਗੀਆਂ ਦਵਾਈਆਂ ਮਰੀਜ਼ਾਂ ਨੂੰ ਦੇ ਰਹੇ ਹਨ ਅਤੇ ਲੋਕ ਲੈਣ ਨੂੰ ਮਜਬੂਰ ਹਨ। ਇਹੋ ਕੰਪਨੀਆਂ ਡਾਕਟਰਾਂ ਦੇ ਵਿਦੇਸ਼ੀ ਦੌਰਿਆਂ ਦਾ ਖਰਚ ਚੁੱਕਦੀਆਂ ਹਨ। ਉਹ ਚਾਹੇ ਕਾਨਫਰੰਸ 'ਤੇ ਜਾਣ ਦਾ ਹੋਵੇ। ਹੋਰ ਤਾਂ ਹੋਰ ਵੱਡੇ ਸ਼ਹਿਰਾਂ 'ਚ ਡਾਕਟਰਾਂ ਦੀਆਂ ਸੰਸਥਾਵਾਂ ਵਿੱਚ ਹੁੰਦੇ ਸਮਾਗਮਾਂ ਦਾ ਖਰਚਾ ਵੀ ਇਹੋ ਦਵਾ ਕੰਪਨੀਆਂ ਚੁੱਕਦੀਆਂ ਹਨ। ਇੰਸੈਂਟਿਵ, ਕਮਿਸ਼ਨ ਨੇ ਸਾਡੀ ਸਿਹਤ ਪ੍ਰਣਾਲੀ ਨੂੰ ਖੋਖਲਾ ਕਰ ਦਿੱਤਾ ਹੈ, ਜਿਸ ਦਾ ਖਮਿਆਜ਼ਾ ਆਮ ਲੋਕ ਭੁਗਤਣ ਲਈ ਬੇਵੱਸ ਹਨ। ਇਸ ਦੇ ਵਿਰੋਧ ਵਿੱਚ ਸਾਡੇ ਮੁਲਕ ਦੇ ਡਾਕਟਰਾਂ ਨੇ ਹੜਤਾਲ ਕੀਤੀ, ਜਿਸ ਕਰ ਕੇ ਉਸ ਦਿਨ ਮਰੀਜ਼ਾਂ ਦੀ ਖੱਜਲ ਖੁਆਰੀ ਬਹੁਤ ਵਧੀ ਸੀ। ਕਾਫੀ ਹੱਦ ਤੱਕ ਪ੍ਰਧਾਨ ਮੰਤਰੀ ਸਹੀ ਹੋ ਸਕਦੇ ਹਨ, ਪਰ ਇਸ ਵਿੱਚ ਸਰਕਾਰਾਂ ਵੀ ਬਰਾਬਰ ਦੀਆਂ ਦੋਸ਼ੀ ਹਨ। ਦਵਾ ਵਾਲੀਆਂ ਕੰਪਨੀਆਂ ਨੂੰ ਖੁੱਲ੍ਹ ਸਰਕਾਰਾਂ ਨੇ ਹੀ ਦੇ ਰੱਖੀ ਹੈ। ਕੀਮਤ ਕੰਟਰੋਲ ਸਰਕਾਰ ਦੇ ਹੱਥ 'ਚ ਹੈ। ਫਿਰ ਡਾਕਟਰ ਇਕੱਲੇ ਦੋਸ਼ੀ ਕਿਵੇਂ ਹੋਏ। ਪੂਰਾ ਪ੍ਰਬੰਧ ਹੀ ਭ੍ਰਿਸ਼ਟ ਹੋਇਆ ਪਿਆ ਹੈ।

ਸਿਹਤਮੰਦ ਲੋਕ ਤੇ ਮਿਹਨਤੀ ਉਦਮੀ ਕਿਸੇ ਦੇਸ਼ ਦੀ ਬੁਨਿਆਦੀ ਸ਼ਕਤੀ ਦੇ ਪ੍ਰਤੀਕ ਹੁੰਦੇ ਹਨ। ਸਾਡੇ ਦੇਸ਼ ਅੰਦਰ ਜਨਤਕ ਸਿਹਤ ਸਹੂਲਤਾਂ ਦਾ ਪ੍ਰਬੰਧ ਕੋਈ ਜ਼ਿਆਦਾ ਵਧੀਆ ਨਹੀਂ। ਹੈਰਾਨੀ ਦੀ ਗੱਲ ਹੈ ਕਿ ਭਾਰਤ ਮੈਡੀਕਲ ਟੂਰਿਜ਼ਮ ਵਜੋਂ ਉਭਰ ਰਿਹਾ ਹੈ, ਪਰ ਇਸ ਦੇਸ਼ ਦੇ ਪੇਂਡੂ ਲੋਕ ਅਜੇ ਵੀ ਮੁਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਇਸੇ ਲਈ ਜ਼ਿਆਦਾ ਆਬਾਦੀ ਨੀਮ-ਹਕੀਮਾਂ ਦੇ ਚੱਕਰ ਕੱਢਦੀ ਅਤੇ ਗਲਤ ਇਲਾਜ ਕਾਰਨ ਨਰਕ ਭੋਗ ਕੇ ਮਰਦੀ ਹੈ। ਹਰ ਸਾਲ ਲੱਖਾਂ ਲੋਕ ਮਲੇਰੀਆ, ਡੇਂਗੂ, ਟੀ ਬੀ ਅਤੇ ਹੋਰ ਨਾਮੁਰਾਦ ਬਿਮਾਰੀਆਂ ਕਾਰਨ ਮੌਤ ਦੇ ਮੂੰਹ 'ਚ ਚਲੇ ਜਾਂਦੇ ਹਨ। ਜਨਤਕ ਸਿਹਤ ਸੰਸਥਾਵਾਂ ਵਿੱਚ ਸਿਹਤ ਸਹੂਲਤਾਂ ਨਿਘਾਰ ਦੇ ਰਾਹ ਉਤੇ ਹਨ। ਇਸ ਕਾਰਨ ਲੋਕਾਂ ਨੂੰ ਨਿੱਜੀ ਹਸਪਤਾਲਾਂ ਵੱਲ ਰੁਖ਼ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ ਤੇ ਇਲਾਜ ਮਹਿੰਗਾ ਹੋਣ ਕਾਰਨ ਅਣਿਆਈ ਮੌਤੇ ਮਰਦੇ ਹਨ।

ਨਿੱਜੀ ਹਸਪਤਾਲਾਂ 'ਚ ਮਰੀਜ਼ਾਂ ਦਾ ਆਰਥਿਕ ਸ਼ੋਸ਼ਣ ਬਹੁਤ ਕੀਤਾ ਜਾਂਦਾ ਹੈ। ਮਰੀਜ਼ ਨੂੰ ਡਰਾਉਣ ਲਈ ਆਮ ਬਿਮਾਰੀ ਦੇ ਅੰਗਰੇਜ਼ੀ ਵਿੱਚ ਵੱਡੇ ਵੱਡੇ ਨਾਂਅ ਦੱਸ ਕੇ ਡਾਕਟਰ ਬੇਮਤਲਬ ਟੈਸਟ ਕਰਾਉਂਦੇ ਹਨ, ਜੋ ਮਰੀਜ਼ ਦੀ ਬਿਮਾਰੀ ਦੇ ਨੇੜੇ-ਤੇੜੇ ਨਹੀਂ ਹੁੰਦੇ। ਬੇਲੋੜੇ ਆਪਰੇਸ਼ਨ ਕੀਤੇ ਜਾਂਦੇ ਹਨ। ਇੱਕ ਅੰਦਾਜ਼ੇ ਮੁਤਾਬਕ ਅਜੋਕੇ ਦੌਰ ਵਿੱਚ ਸਿਜੇਰੀਅਨ ਕੇਸਾਂ ਅੰਦਰ ਪਿਛਲੇ ਇੱਕ ਦਹਾਕੇ ਦੌਰਾਨ ਸੱਤਰ ਫੀਸਦੀ ਵਾਧਾ ਹੋਇਆ ਹੈ। ਨਾਰਮਲ ਡਲਿਵਰੀ ਕੇਸਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਨਿੱਜੀ ਹਸਪਤਾਲਾਂ ਵਿੱਚ ਕੰਮ ਕਰਦੇ ਜ਼ਿਆਦਾਤਰ ਡਾਕਟਰਾਂ ਨੇ ਮੰਨਿਆ ਕਿ ਹਸਪਤਾਲ ਪ੍ਰਬੰਧਕਾਂ ਦੇ ਜ਼ੋਰ ਪਾਉਣ ਕਾਰਨ ਉਨ੍ਹਾਂ ਨੂੰ ਮਰੀਜ਼ਾਂ ਦੇ ਬੇਤਮਲਬ ਟੈਸਟ ਤੇ ਆਪਰੇਸ਼ਨ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਬਾਕੀ ਇੰਸੈਂਟਿਵ ਦੀ ਚਾਟ ਅਤੇ ਹੋਰ ਲਾਲਚਾਂ ਨੇ ਡਾਕਟਰਾਂ ਨੂੰ ਕਸਾਈ ਬਣਨ ਲਈ ਗੁੜਗਾਓਂ ਦਾ ਚਰਚਿਤ ਗੁਰਦਾ ਕਾਂਡ ਇਸ ਦੀ ਮੂੰਹ ਬੋਲਦੀ ਤਸਵੀਰ ਹੈ ਜਿਸ ਨੇ ਡਾਕਟਰੀ ਪੇਸ਼ੇ ਨੂੰ ਦਾਗਦਾਰ ਕੀਤਾ ਹੈ।

ਦਵਾਈਆਂ ਦੇ ਖੇਤਰ 'ਚ ਵੀ ਬਹੁਤ ਲੁੱਟ ਮਚੀ ਹੋਈ ਹੈ। ਦਵਾਈ ਕੰਪਨੀਆਂ ਨੇ ਡਾਕਟਰਾਂ ਨਾਲ ਗੰਢਤੁੱਪ ਕਰ ਰੱਖੀ ਹੈ। ਡਾਕਟਰ ਨਿਰਮਾਤਾ, ਨਿੱਜੀ ਸੰਸਥਾਵਾਂ ਨੇ ਮੈਡੀਕਲ ਸਿਖਿਆ ਨੂੰ ਬਹੁਤ ਮਹਿੰਗਾ ਕਰ ਕੇ ਇਸ ਨੂੰ ਅਮੀਰਾਂ ਦੀ ਖੇਡ ਬਣਾ ਦਿੱਤਾ ਹੈ।



# ਖ਼ਬਰਾਂ ਪੰਜਾਬ ਦੀਆਂ



## 1984 ਦੇ ਦੰਗਿਆਂ ਵਿੱਚ ਰਾਜੀਵ ਗਾਂਧੀ ਦਾ ਕੋਈ ਹੱਥ ਨਹੀਂ ਸੀ: ਕੈਪਟਨ ਅਮਰਿੰਦਰ

### * ਰਾਜੀਵ ਬਾਰੇ ਝੂਠ ਬੋਲ ਕੇ ਸੁਖਬੀਰ ਸਿੱਖਾਂ ਨੂੰ ਭੜਕਾ ਰਿਹੈ



ਚੰਡੀਗੜ੍ਹ, 20 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਬਾਰੇ ਝੂਠ ਬੋਲਦਾ ਅਤੇ ਇੱਕ ਸਾਜ਼ਿਸ਼ ਦੇ ਅਧੀਨ ਐਵੇਂ ਹੀ ਸਿੱਖਾਂ ਨੂੰ ਭੜਕਾ ਰਿਹਾ ਹੈ।

ਸੁਖਬੀਰ ਸਿੰਘ ਬਾਦਲ ਨੂੰ ਕਰੜੇ ਹੱਥੀਂ ਲੈਂਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਏਦਾਂ ਬਿਆਨਬਾਜ਼ੀ ਕਰ ਕੇ ਉਹ ਸਿੱਖ ਭਾਈਚਾਰੇ ਨੂੰ ਭੜਕਾਉਣ ਤੇ ਵੰਡਣ ਦੀ ਸਾਜ਼ਿਸ਼ ਰਚ ਰਿਹਾ ਹੈ। ਅੱਜ ਰਾਜੀਵ ਗਾਂਧੀ ਦੇ 75ਵੇਂ ਜਨਮ ਦਿਨ ਮੌਕੇ ਅਕਾਲੀ ਦਲ ਪ੍ਰਧਾਨ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਬਾਰੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਰਾਜੀਵ ਗਾਂਧੀ ਦਾ ਨਾਂਅ ਕਦੇ ਵੀ 1984 ਦੇ ਦੰਗਿਆਂ ਦੌਰਾਨ ਚਰਚਾ ਵਿੱਚ ਨਹੀਂ ਆਇਆ ਅਤੇ ਨਾ ਬਾਅਦ ਵਿੱਚ ਹੀ ਆਇਆ, ਸਗੋਂ ਇਹ ਪ੍ਰਚਾਰ ਭਾਜਪਾ ਅਤੇ ਅਕਾਲੀ ਦਲ ਵੱਲੋਂ ਸਿੱਖ ਵੋਟਾਂ ਲੈਣ ਲਈ ਕੀਤਾ ਜਾਂਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਉਸ ਵੇਲੇ ਦੇ ਘਟਨਾਕ੍ਰਮ ਨੂੰ ਚੇਤੇ ਕਰਦਿਆਂ ਕਿਹਾ ਕਿ ਰਾਜੀਵ ਗਾਂਧੀ ਓਦੋਂ ਦਿੱਲੀ ਵਿੱਚ ਨਹੀਂ ਸੀ ਅਤੇ ਉਸ ਨੂੰ ਆਪਣੀ ਮਾਤਾ ਦੀ ਹੱਤਿਆ ਦੀ ਖ਼ਬਰ ਪੱਛਮੀ ਬੰਗਾਲ ਵਿੱਚ ਹਵਾਈ ਅੱਡੇ ਉੱਤੇ ਰੇਡੀਓ ਤੋਂ ਮਿਲੀ ਸੀ, ਕਿਉਂਕਿ ਓਦੋਂ ਮੋਬਾਈਲ ਫੋਨ ਆਦਿ ਨਹੀਂ ਸਨ ਹੁੰਦੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਆਪਣੇ ਆਪ ਨੂੰ ਸਿੱਖਾਂ ਦੇ ਹੱਕਾਂ ਦਾ ਰਾਖਾ ਕਹਿੰਦਾ ਹੈ, ਪਰ ਅਸਲ ਵਿੱਚ ਉਨ੍ਹਾਂ ਨੇ ਆਪਣੇ 10 ਸਾਲਾ ਰਾਜ ਦੌਰਾਨ ਸੂਬੇ ਵਿੱਚ ਸਿੱਖਾਂ ਲਈ ਕੁਝ ਨਹੀਂ ਕੀਤਾ, ਸਗੋਂ ਅਕਾਲੀ-ਭਾਜਪਾ ਰਾਜ ਦੌਰਾਨ ਪੰਜਾਬ ਵਿੱਚ ਬੇਅਦਬੀ ਦੀਆਂ ਕਈ ਦੁਖਦਾਈ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੂੰ ਰੋਕਣ ਤੇ ਹੱਲ ਕਰਨ ਲਈ ਉਨ੍ਹਾਂ ਨੇ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਰਾਜੀਵ ਗਾਂਧੀ ਦੀ ਜਨਮ ਦੀ ਵਰ੍ਹੇਗੰਢ ਵੇਲੇ ਹੀ ਅਕਾਲੀਆਂ ਵੱਲੋਂ ਲਾਏ ਜਾਣ ਵਾਲੇ ਇਹ ਦੋਸ਼ ਸਿਰਫ ਆਪਣੇ ਕੀਤੇ ਕੁਕਰਮਾਂ 'ਤੇ ਪਰਦਾ ਪਾਉਣ ਦੀ ਇੱਕ ਕੋਸ਼ਿਸ਼ ਹੈ।

## ਮੇਘਾਲਿਆ ਦੇ ਸਿੱਖਾਂ ਨੂੰ ਰਾਹਤ

## ਸੁਪਰੀਮ ਕੋਰਟ ਵੱਲੋਂ ਦਿੱਲੀ ਗੁਰਦੁਆਰਾ ਕਮੇਟੀ ਦੀ ਅਰਜ਼ੀ ਉੱਤੇ ਮੇਘਾਲਿਆ ਸਰਕਾਰ ਨੂੰ ਨੋਟਿਸ



ਜਲੰਧਰ, 20 ਅਗਸਤ (ਪੋਸਟ ਬਿਊਰੋ)- ਮੇਘਾਲਿਆ ਦੀ ਦਲਿਤ ਕਲੋਨੀ, ਪੰਜਾਬੀ ਕਲੋਨੀ ਦੇ ਵਸਨੀਕ ਸਿੱਖਾਂ ਦੇ ਸਿਰ ਉੱਤੇ ਉਜਾੜੇ ਦੀ ਤਲਵਾਰ ਤੋਂ ਉਸ ਸਮੇਂ ਵੱਡੀ ਰਾਹਤ ਮਿਲੀ, ਜਦੋਂ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਸੁਣਵਾਈ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐੱਸ ਜੀ ਐੱਮ ਸੀ) ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਸਵੀਕਾਰ ਕਰ ਲਈ ਅਤੇ ਮੇਘਾਲਿਆ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ।

ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਇਸ ਕੇਸ ਵਿੱਚ ਮੇਘਾਲਿਆ ਹਾਈ ਕੋਰਟ ਵਿੱਚ ਰਾਜ ਸਰਕਾਰ ਨੇ ਰੀਵਿਊ ਪਟੀਸ਼ਨ ਅਤੇ ਅਪੀਲ ਦਾਇਰ ਕੀਤੀ ਹੋਈ ਸੀ, ਜਦ ਕਿ ਕਾਨੂੰਨ ਮੁਤਾਬਕ ਦੋਵਾਂ ਦੀ ਸੁਣਵਾਈ ਇਕੱਠੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੱਸਿਆ ਕਿ ਹਾਈ ਕੋਰਟ ਵਿੱਚ ਕੇਸ ਦੀ ਇਕੱਠੀ ਸੁਣਵਾਈ ਦੇ ਵਿਰੁੱਧ ਅਸੀਂ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਸੀ, ਜੋ ਸਵੀਕਾਰ ਕਰ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ, ਜਿਸ ਵਿੱਚ ਜਸਟਿਸ ਰਮੰਨਾ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਰੋਹਤਗੀ ਸ਼ਾਮਲ ਹਨ, ਨੇ ਸਾਡੀ ਪਟੀਸ਼ਨ ਉੱਤੇ ਰਾਜ ਸਰਕਾਰ ਤੋਂ ਤਿੰਨ ਹਫਤਿਆਂ ਵਿੱਚ ਜਵਾਬ ਮੰਗਿਆ ਹੈ ਕਿ ਕਿਉਂ ਨਾ ਰੀਵਿਊ ਪਟੀਸ਼ਨ ਦਾ ਮਾਮਲਾ ਸੁਣਵਾਈ ਲਈ ਗੁਹਾਟੀ ਹਾਈ ਕੋਰਟ ਵਿੱਚ ਭੇਜ ਦਿੱਤਾ ਜਾਵੇ? ਉਨ੍ਹਾਂ ਦੱਸਿਆ ਕਿ ਸੁਪਰੀਮ ਕੋਰਟ ਵਿੱਚ ਕੇਸ ਦੀ ਸੁਣਵਾਈ ਸ਼ੁਰੂ ਹੋਣ ਨਾਲ ਸਿੱਖਾਂ ਨੂੰ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਸ ਕੇਸ ਵਿੱਚ ਮੇਘਾਲਿਆ ਸਰਕਾਰ ਦਾ ਸਟੈਂਡ ਸਹੀ ਨਹੀਂ, ਇਹ ਸਰਕਾਰ ਆਨੇ-ਬਹਾਨੇ ਸਿੱਖਾਂ ਨੂੰ ਸ਼ਿਫਟ ਕਰਨਾ ਚਾਹੁੰਦੀ ਹੈ, ਪਰ ਅਸੀਂ ਸਿੱਖਾਂ ਦੇ ਨਾਲ ਡਟ ਕੇ ਖੜ੍ਹੇ ਹਾਂ ਅਤੇ ਉਨ੍ਹਾਂ ਨਾਲ ਕੋਈ ਬੇਇਨਸਾਫੀ ਨਹੀਂ ਹੋਣ ਦਿਆਂਗੇ।

## ਤਾਂਤਰਿਕ ਪਿੱਛੇ ਲੱਗ ਕੇ ਧੀ ਦੀ ਜਾਨ ਗੁਆ ਲਈ

ਬਰਨਾਲਾ, 20 ਅਗਸਤ (ਪੋਸਟ ਬਿਊਰੋ)- ਵਾਰਡ ਨੰਬਰ ਅੱਠ ਨਿਹਾਲ ਸਿੰਘ ਵਾਲਾ ਦੀ ਡੇਢ ਸਾਲਾ ਬੱਚੀ ਸੁਖਪ੍ਰੀਤ ਕੌਰ ਪੁੱਤਰੀ ਵਰਿੰਦਰ ਸਿੰਘ ਦੀ ਬੁਖ਼ਾਰ ਕਾਰਨ ਮੌਤ ਹੋ ਗਈ। ਇਹ ਬੱਚੀ ਇਲਾਜ ਲਈ ਭਦੌੜ ਦੇ ਹਸਪਤਾਲ ਵਿੱਚ ਦਾਖਲ ਸੀ, ਜਿਸ ਨੂੰ ਬੀਤੇ ਦਿਨੀਂ ਬਰਨਾਲਾ ਰੈਫਰ ਕਰ ਦਿੱਤਾ ਗਿਆ, ਪਰ ਰਸਤੇ ਵਿੱਚ ਉਸ ਦੀ ਮੌਤ ਹੋ ਗਈ। ਡਾਕਟਰਾਂ ਨੇ ਬੱਚੀ ਨੂੰ ਮ੍ਰਿਤਕ ਕਰਾਰ ਦਿੱਤਾ ਤੇ ਲਾਸ਼ ਹਸਪਤਾਲ ਦੀ ਕਾਰਵਾਈ ਲਈ ਮੋਰਚਰੀ ਵਿੱਚ ਰਖਵਾ ਦਿੱਤੀ। ਪਰਵਾਰ ਨੇ ਇਸ ਬੱਚੀ ਲਾਸ਼ ਪੋਸਟ ਮਾਰਟਮ ਤੋਂ ਬਿਨਾਂ ਮੰਗੀ ਸੀ, ਪਰ ਉਸ ਸਮੇਂ ਪਰਵਾਰ ਨੂੰ ਨਹੀਂ ਸੌਂਪੀ ਗਈ। ਫਿਰ ਪਰਵਾਰ ਨੇ ਐਸ ਡੀ ਐਮ ਤੋਂ ਮਨਜ਼ੂਰੀ ਮੰਗੀ ਤਾਂ ਪੋਸਟ ਮਾਰਟਮ ਤੋਂ ਬਾਅਦ ਲਾਸ਼ ਦੇ ਦਿੱਤੀ ਗਈ, ਪਰ ਡਾਕਟਰਾਂ ਨੇ ਇਸ ਬੱਚੀ ਦੀ ਮੌਤ ਦਾ ਕਾਰਨ ਜਨਤਕ ਤੌਰ ਉੱਤੇ ਕੁਝ ਨਹੀਂ ਦੱਸਿਆ।

ਪਤਾ ਲੱਗਾ ਹੈ ਕਿ ਡੇਢ ਸਾਲਾ ਸੁਖਪ੍ਰੀਤ ਕੌਰ ਬਿਮਾਰ ਸੀ। ਅੰਧ ਵਿਸ਼ਵਾਸ ਵਿੱਚ ਫਸੇ ਪਰਵਾਰ ਨੇ ਤਾਂਤਰਿਕ ਬਾਬੇ ਤੋਂ 'ਹਥੌਲਾ' ਕਰਵਾਇਆ ਸੀ, ਪਰ ਬੱਚੀ ਦੀ ਬਿਮਾਰੀ ਵਧਦੀ ਗਈ ਸੀ। ਉਸ ਨੂੰ ਇਲਾਜ ਲਈ ਭਦੌੜ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਤੇ ਫੇਰ ਸਿਵਲ ਹਸਪਤਾਲ ਬਰਨਾਲਾ ਰੈਫਰ ਕਰ ਦਿੱਤਾ ਗਿਆ, ਪਰ ਰਸਤੇ ਵਿੱਚ ਉਸ ਦੀ ਮੌਤ ਹੋ ਗਈ। ਜਦੋਂ ਸਿਵਲ ਹਸਪਤਾਲ ਬਰਨਾਲਾ ਵਿੱਚ ਪੁੱਜੇ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਸਿਵਲ ਹਸਪਤਾਲ ਵਿੱਚ ਬੱਚੀ ਦੀ ਦੇਹ ਲੈਣ ਪੁੱਜੇ ਪਰਵਾਰ ਨੇ ਪੱਤਰਕਾਰਾਂ ਨਾਲ ਗੱਲ ਕਰਨ ਤੋਂ ਨਾਂਹ ਕਰ ਦਿੱਤੀ। ਥਾਣਾ ਭਦੌੜ ਦੇ ਏ ਐਸ ਆਈ ਬਲਜੀਤ ਸਿੰਘ ਨੇ ਦੱਸਿਆ ਕਿ ਸੁਖਪ੍ਰੀਤ ਕੌਰ ਪੁੱਤਰੀ ਵਰਿੰਦਰ ਸਿੰਘ ਵਾਸੀ ਨਿਹਾਲ ਸਿੰਘ ਵਾਲਾ ਆਪਣੀ ਮਾਂ ਗੁਰਮੀਤ ਕੌਰ ਨਾਲ ਭਦੌੜ ਵਿੱਚ ਨਾਨੀ ਦੇ ਘਰ ਆਈ ਸੀ, ਜਿੱਥੇ ਬੁਖ਼ਾਰ ਵਧਣ ਨਾਲ ਹਾਲਤ ਵਿਗੜ ਗਈ।

## ਮਕਸੂਦਾਂ ਥਾਣਾ ਗ੍ਰਨੇਡ ਹਮਲਾ ਕੇਸ 'ਚ ਨਾਮਜ਼ਦ ਤਿੰਨ ਕਸ਼ਮੀਰੀਆਂ ਦੀ ਜ਼ਮਾਨਤ ਅਰਜ਼ੀ ਰੱਦ



ਐਸ ਏ ਐਸ ਨਗਰ, 20 ਅਗਸਤ (ਪੋਸਟ ਬਿਊਰੋ)- ਪਿਛਲੇ ਸਾਲ 14 ਸਤੰਬਰ ਨੂੰ ਜਲੰਧਰ ਦੇ ਥਾਣਾ ਮਕਸੂਦਾਂ ਵਿੱਚ ਹੋਏ ਗ੍ਰਨੇਡ ਹਮਲੇ ਵਿੱਚ ਨਾਮਜ਼ਦ ਤਿੰਨ ਕਸ਼ਮੀਰੀ ਨੌਜਵਾਨਾਂ ਫਾਜ਼ਿਲ ਬਸ਼ੀਰ ਪਿੱਚੂ, ਸ਼ਾਹਿਦ ਕਿਊਮ ਅਤੇ ਆਮੀਰ ਮੀਰ ਨਜ਼ੀਰ ਨੇ ਆਪਣੇ ਵਕੀਲ ਤਰਨਵੀਰ ਕੌਰ ਹੁੰਦਲ ਰਾਹੀਂ ਐਨ ਆਈ ਏ ਦੇ ਵਿਸ਼ੇਸ਼ ਜੱਜ ਐਨ ਐਸ ਗਿੱਲ ਦੀ ਅਦਾਲਤ ਵਿੱਚ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ, ਜਿਹੜੀ ਰੱਦ ਹੋ ਗਈ ਹੈ।

ਇਸ ਅਰਜ਼ੀ ਵਿੱਚ ਬਚਾਅ ਪੱਖ ਦੇ ਵਕੀਲ ਨੇ ਤਰਕ ਦਿੱਤਾ ਸੀ ਕਿ ਐਨ ਆਈ ਏ ਵੱਲੋਂ ਆਮੀਰ ਨਜ਼ੀਰ ਖ਼ਿਲਾਫ ਹਾਲੇ ਤੱਕ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਨਹੀਂ ਕੀਤੀ ਗਈ। ਐਨ ਆਈ ਏ ਨੇ ਇਨ੍ਹਾਂ ਜ਼ਮਾਨਤਾਂ ਦਾ ਵਿਰੋਧ ਕੀਤਾ ਸੀ। ਅਦਾਲਤ ਨੇ ਐਨ ਆਈ ਏ ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਪਿੱਛੋਂ ਤਿੰਨੇ ਕਸ਼ਮੀਰੀ ਨੌਜਵਾਨਾਂ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਇਸ ਦੌਰਾਨ ਜਲੰਧਰ 'ਚ ਹਥਿਆਰ ਅਤੇ ਧਮਾਕਾਖੇਜ਼ ਸਮੱਗਰੀ ਬਰਾਮਦ ਹੋਣ ਦੇ ਕੇਸ ਵਿੱਚ ਨਾਮਜ਼ਦ ਕੀਤੇ ਚਾਰ ਕਸ਼ਮੀਰੀ ਨੌਜਵਾਨਾਂ ਮੁਹੰਮਦ ਇਦਰਿਸ ਸ਼ਾਹ, ਜਾਹਿਦ ਗੁਲਜ਼ਾਰ, ਸੁਹੇਲ ਅਹਿਮਦ ਤੇ ਯੂਸਫ ਦੇ ਖ਼ਿਲਾਫ ਦਰਜ ਮਾਮਲੇ ਦੀ ਸੁਣਵਾਈ ਹੋਈ। ਅਦਾਲਤ ਵੱਲੋਂ ਇਸ ਮਾਮਲੇ 'ਚ ਚਾਰੇ ਕਸ਼ਮੀਰੀ ਨੌਜਵਾਨਾਂ ਖ਼ਿਲਾਫ ਦੋਸ਼ ਤੈਅ ਕਰਨ ਲਈ 31 ਅਗਸਤ ਦੀ ਤਰੀਕ ਨਿਸ਼ਚਿਤ ਕੀਤੀ ਗਈ ਹੈ। ਹਥਿਆਰ ਬਰਾਮਦ ਦੇ ਇਸ ਮਾਮਲੇ 'ਚ ਅਦਾਲਤ ਪਹਿਲਾਂ ਹੀ ਦਾਨਿਸ਼ ਰਹਿਮਾਨ ਨਾਂਅ ਦੇ ਇਕ ਕਸ਼ਮੀਰੀ ਨੌਜਵਾਨ ਨੂੰ ਕੇਸ 'ਚੋਂ ਕੱਢ ਚੁੱਕੀ ਹੈ। ਮਕਸੂਦਾਂ ਥਾਣੇ ਉੱਤੇ ਹੋਏ ਹਮਲੇ ਦੇ ਮਾਮਲੇ 'ਚ ਦੋਸ਼ੀ ਰਾਊਫ ਅਹਿਮਦ ਮੀਰ ਅਤੇ ਉਮਰ ਰਮਜ਼ਾਨ 22 ਦਸੰਬਰ 2018 ਨੂੰ ਸੁਰੱਖਿਆ ਬਲਾਂ ਨਾਲ ਕਸ਼ਮੀਰ ਵਿੱਚ ਹੋਏ ਮੁਕਾਬਲੇ ਵਿੱਚ ਮਾਰੇ ਜਾ ਚੁੱਕੇ ਹਨ।

## ਨੀਟੂ ਸ਼ਟਰਾਂ ਵਾਲੇ ਦੀ ਧੀ ਆਟੋ ਤੋਂ ਡਿੱਗੀ, ਹਸਪਤਾਲ ਵਿੱਚ ਮੌਤ

ਜਲੰਧਰ, 20 ਅਗਸਤ (ਪੋਸਟ ਬਿਊਰੋ)- ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣਾਂ ਲੜਨ ਵਾਲੇ ਨੀਟੂ ਸ਼ਟਰਾਂ ਵਾਲੇ ਦੀ ਅੱਠ ਸਾਲਾ ਬੇਟੀ ਸਾਕਸ਼ੀ ਦੀ ਕੱਲ੍ਹ ਮੌਤ ਹੋ ਗਈ। ਉਹ ਸਕੂਲ ਤੋਂ ਘਰ ਮੁੜਦੇ ਸਮੇਂ ਆਟੋ 'ਚੋਂ ਡਿੱਗਣ ਨਾਲ ਗੰਭੀਰ ਜ਼ਖ਼ਮੀ ਹੋ ਗਈ ਸੀ ਅਤੇ ਹਸਪਤਾਲ ਵਿੱਚ ਇਲਾਜ ਦੌਰਾਨ ਉਸ ਨੇ ਦਮ ਤੋੜ ਦਿੱਤਾ। ਥਾਣਾ ਤਿੰਨ ਦੇ ਐੱਸ ਐੱਚ ਓ ਰੇਸ਼ਮ ਸਿੰਘ ਨੇ ਦੱਸਿਆ ਕਿ ਚੌਥੀ ਕਲਾਸ ਦੀ ਵਿਦਿਆਰਥਣ ਸਾਕਸ਼ੀ ਦੁਪਹਿਰ 1.40 ਵਜੇ ਦੇ ਕਰੀਬ ਆਟੋ ਵਿੱਚ ਘਰ ਆ ਰਹੀ ਸੀ। ਦੋਆਬਾ ਚੌਕ ਤੋਂ ਟਾਂਡਾ ਫਾਟਕ ਵੱਲ ਜਾਂਦੇ ਸਮੇਂ ਆਟੋ ਨੇ ਅਚਾਨਕ ਬ੍ਰੇਕ ਲਾਈ ਤਾਂ ਬੱਚੀ ਹੇਠਾਂ ਡਿੱਗ ਪਈ ਅਤੇ ਡਿੱਗਣ ਦੇ ਬਾਅਦ ਬੱਚੀ ਟਾਂਡਾ ਫਾਟਕ ਵੱਲੋਂ ਆ ਰਹੀ ਕਾਰ ਨਾਲ ਟਕਰਾਈ ਜਿਸ ਕਾਰਨ ਉਸ ਦੇ ਸਿਰ ਉੱਤੇ ਗੰਭੀਰ ਸੱਟ ਲੱਗੀ। ਲੋਕਾਂ ਨੇ ਉਸੇ ਕਾਰ ਵਿੱਚ ਬੱਚੀ ਨੂੰ ਪਠਾਨਕੋਟ ਚੌਕ ਵਿਚਲੇ ਨਿੱਜੀ ਹਸਪਤਾਲ ਪਹੁੰਚਾਇਆ, ਜਿੱਥੇ ਉਸ ਨੇ ਦਮ ਤੋੜ ਦਿੱਤਾ।

## ਚੰਡੀਗੜ੍ਹ ਨਾਰਕੋਟਿਕਸ ਕੰਟਰੋਲ ਦੇ ਸਾਬਕਾ ਮੁਖੀ ਸਾਜ਼ੀ ਮੋਹਨ ਨੂੰ 15 ਸਾਲ ਦੀ ਸਜ਼ਾ



ਚੰਡੀਗੜ੍ਹ, 20 ਅਗਸਤ (ਪੋਸਟ ਬਿਊਰੋ)- ਕਰੀਬ 10 ਸਾਲ ਪਹਿਲਾਂ ਗ੍ਰਿਫਤਾਰ ਕੀਤੇ ਗਏ ਚੰਡੀਗੜ੍ਹ ਦੇ ਬਹੁ-ਚਰਚਿਤ ਆਈ ਪੀ ਐੱਸ ਅਫਸਰ ਸਾਜ਼ੀ ਮੋਹਨ ਹੈਰੋਇਨ ਤਸਕਰੀ ਮਾਮਲੇ ਵਿੱਚ ਕੱਲ੍ਹ ਸਜ਼ਾ ਸੁਣਾਈ ਗਈ ਹੈ। ਐਂਟੀ ਟੈਰੋਰਿਜ਼ਮ ਸਕੁਐਡ ਵੱਲੋਂ 2009 ਵਿੱਚ ਗ੍ਰਿਫਤਾਰ ਅਤੇ ਨੌਕਰੀ ਤੋਂ ਆਈ ਪੀ ਐੱਸ ਅਧਿਕਾਰੀ ਸਾਜ਼ੀ ਮੋਹਨ ਨੂੰ ਨਸ਼ਾ ਤਸਕਰੀ ਦੇ ਕੇਸ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਮੁੰਬਈ ਦੀ ਵਿਸ਼ੇਸ਼ ਨਾਰਕੋਟਿਕਸ ਡਰੱਗ ਅਤੇ ਸਾਈਕੋਟ੍ਰਾਪਿਕਸ ਸਬਸਟਾਂਸਿਜ਼ ਅਦਾਲਤ ਨੇ ਸਾਜ਼ੀ ਮੋਹਨ ਤੇ ਉਸ ਦੇ ਡਰਾਈਵਰ ਨੂੰ ਇਸ ਕੇਸ ਵਿੱਚ ਦੋਸ਼ੀ ਕਰਾਰ ਦਿੱਤਾ ਹੈ, ਜਿਸ ਵਿੱਚ ਸਾਜ਼ੀ ਮੋਹਨ ਨੂੰ 15 ਸਾਲ ਅਤੇ ਡਰਾਈਵਰ ਰਾਜੇਸ਼ ਕੁਮਾਰ ਨੂੰ 10 ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਨ੍ਹਾਂ ਦੋਵਾਂ ਤੋਂ ਇਲਾਵਾ ਇੱਕ ਹੋਰ ਵਿਅਕਤੀ ਵੀ ਫੜਿਆ ਗਿਆ ਸੀ, ਪਰ ਸਬੂਤਾਂ ਦੀ ਘਾਟ ਕਾਰਨ ਉਸ ਨੂੰ ਬਰੀ ਕਰ ਦਿੱਤਾ ਗਿਆ ਹੈ। 1995 ਬੈਚ ਦੇ ਜੰਮੂ ਕਸ਼ਮੀਰ ਕੇਡਰ ਦਾ ਆਈ ਪੀ ਐੱਸ ਅਧਿਕਾਰੀ ਸਾਜ਼ੀ ਮੋਹਨ ਚੰਡੀਗੜ੍ਹ ਵਿਖੇ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਜ਼ੋਨਲ ਡਾਇਰੈਕਟਰ ਦੇ ਅਹੁਦੇ 'ਤੇ ਤੈਨਾਤ ਸੀ। ਉਸ ਉੱਤੇ ਦੋਸ਼ ਸਨ ਕਿ ਉਸ ਨੇ ਮਾਲਖਾਨੇ ਵਿੱਚ ਜਮ੍ਹਾਂ ਹੈਰੋਇਨ ਗੈਰ ਕਾਨੂੰਨੀ ਤਰੀਕੇ ਨਾਲ ਕੱਢ ਲਈ ਸੀ। ਮਾਰਚ 2009 ਵਿੱਚ ਸਾਜ਼ੀ ਮੋਹਨ ਦੀ ਗ੍ਰਿਫਤਾਰੀ ਤੋਂ ਬਾਅਦ ਐੱਨ ਸੀ ਬੀ ਨੇ ਚੰਡੀਗੜ੍ਹ ਦੇ ਮਾਲਖਾਨੇ ਦਾ ਰਿਕਾਰਡ ਚੈਕ ਕੀਤਾ ਤਾਂ ਜਾਂਚ ਦੌਰਾਨ 15 ਮਈ 2008 ਨੂੰ ਜੰਮੂ ਬਾਰਡਰ ਤੋਂ ਜ਼ਬਤ 60 ਕਿੱਲੋ ਹੈਰੋਇਨ ਵਿੱਚੋਂ ਤਿੰਨ ਕਿੱਲੋ ਹੈਰੋਇਨ ਘੱਟ ਮਿਲੀ ਸੀ। ਉਸ ਸਮੇਂ ਵੇਚੀ ਗਈ ਹੈਰੋਇਨ ਦੀ ਕੀਮਤ ਕੌਮਾਂਤਰੀ ਮੰਡੀ ਵਿੱਚ ਇੱਕ ਅਰਬ ਰੁਪਏ ਤੋਂ ਵੱਧ ਮੰਨੀ ਗਈ ਸੀ। ਇਨ੍ਹਾਂ ਉੱਤੇ ਦੋਸ਼ ਸੀ ਕਿ ਇਹ ਮੁੰਬਈ ਵਿੱਚ ਫਿਲਮੀ ਹਸਤੀਆਂ ਨੂੰ ਡਰੱਗ ਸਪਲਾਈ ਕਰਦੇ ਸਨ। ਇਹ ਕੇਸ ਚੰਡੀਗੜ੍ਹ ਦੇ ਅੱਜ ਤੱਕ ਦੇ ਸਭ ਤੋਂ ਵੱਧ ਚਰਚਿਤ ਨਸ਼ਾ ਤਸਕਰੀ ਮਾਮਲਿਆਂ ਵਿੱਚ ਸ਼ਾਮਲ ਮੰਨਿਆ ਜਾਂਦਾ ਹੈ।

## ਨਗਰ ਸੁਧਾਰ ਟਰੱਸਟ ਨੇ ਨਾਜਾਇਜ਼ ਕਬਜ਼ੇ ਹਟਾਏ, ਭੜਕੇ ਲੋਕਾਂ ਵੱਲੋਂ ਰੇਲਵੇ ਟਰੈਕ ਜਾਮ

ਵੇਰਕਾ, 20 ਅਗਸਤ (ਪੋਸਟ ਬਿਊਰੋ)- ਨਗਰ ਸੁਧਾਰ ਟਰਸਟ ਦੇ ਚੇਅਰਮੈਨ ਦਿਨੇਸ਼ ਬੱਸੀ ਦੀਆਂ ਹਦਾਇਤਾਂ ਉੱਤੇ ਅਮਲ ਕਰਦਿਆਂ ਟਰਸਟ ਦੇ ਐਕਸੀਅਨ ਆਰ ਕੇ ਗਰਗ ਦੀ ਅਗਵਾਈ ਹੇਠ ਮਕਬੂਲਪੁਰਾ, ਮਹਿਤਾ ਰੋਡ ਵਾਲੇ ਫਲੈਟਾਂ ਵਿੱਚ ਨਾਜਾਇਜ਼ ਰਹਿੰਦੇ ਲੋਕਾਂ ਉੱਤੇ ਕਾਰਵਾਈ ਕਰ ਕੇ ਪੁਲਿਸ ਦੀ ਮਦਦ ਨਾਲ ਘਰਾਂ ਦਾ ਸਮਾਨ ਬਾਹਰ ਕੱਢ ਕੇ ਫਲੈਟਾਂ ਤੋਂ ਅੱਜ ਨਜਾਇਜ਼ ਕਬਜ਼ੇ ਹਟਾਏ ਗਏ। ਇਸ ਕਾਰਵਾਈ ਕਾਰਨ ਗੁੱਸੇ ਵਿੱਚ ਆਏ ਲੋਕਾਂ ਨੇ ਇਕੱਠੇ ਹੋ ਕੇ ਵੱਲ੍ਹਾ ਫਾਟਕ ਗੇਟ ਨੰਬਰ ਐੱਸ-28 ਦੀਆਂ ਰੇਲਵੇ ਲਾਈਨਾਂ ਵਿਚਕਾਰ ਲੰਮੇ ਪੈ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ, ਜਿਸ ਕਾਰਨ ਅੰਮ੍ਰਿਤਸਰ ਤੋਂ ਅੰਬਾਲਾ ਜਾ ਰਹੀ ਡੀ ਐੱਮ ਯੂ ਨੂੰ ਅੱਧੇ ਘੰਟੇ ਤੱਕ ਰੁਕਣ ਲਈ ਮਜਬੂਰ ਹੋਣਾ ਪਿਆ।

ਇਸ ਬਾਰੇ ਇਨ੍ਹਾਂ ਫਲੈਟਾਂ ਦੇ ਵਾਸੀਆਂ ਨੇ ਇਹ ਦੋਸ਼ ਲਾਇਆ ਕਿ ਉਹ ਪਰਿਵਾਰਾਂ ਸਣੇ ਇਨ੍ਹਾਂ ਫਲੈਟਾਂ ਵਿੱਚ ਦਸ-ਪੰਦਰਾਂ ਸਾਲਾਂ ਤੋਂ ਰਹਿ ਰਹੇ ਹਨ। ਅੱਜ ਮੰਗਲਵਾਰ ਸਵੇਰ 11 ਵਜੇ ਕਰੀਬ ਬਿਨਾਂ ਕੋਈ ਨੋਟਿਸ ਜਾਂ ਅਗਾਊਂ ਸੂਚਨਾ ਦਿੱਤੇ ਤੋਂ ਟਰਸਟ ਅਧਿਕਾਰੀ ਲਾਮ ਲਸ਼ਕਰ ਤੇ ਭਾਰੀ ਪੁਲਿਸ ਫੋਰਸ ਨਾਲ ਆਏ ਅਤੇ ਘਰਾਂ ਦੀਆਂ ਦੂਜੀਆਂ-ਤੀਜੀਆਂ ਮੰਜ਼ਲਾਂ ਤੋਂ ਲੋਕਾਂ ਦਾ ਕੀਮਤੀ ਸਮਾਨ ਬਾਹਰ ਕੱਢ ਕੇ ਸੁੱਟ ਦਿੱਤਾ ਅਤੇ ਔਰਤਾਂ ਉੱਤੇ ਬੱਚਿਆਂ ਨੂੰ ਧੱਕੇ ਮਾਰ-ਮਾਰ ਫਲੈਟਾਂ ਤੋਂ ਬਾਹਰ ਕੱਢਿਆ। ਗੁੱਸੇ ਵਿਚ ਆਏ ਹੋਏ ਲੋਕਾਂ ਦਾ ਕਹਿਣਾ ਸੀ ਕਿ ਕਿਸੇ ਹਾਲਤ ਵਿੱਚ ਇੱਥੋਂ ਨਹੀਂ ਜਾਣਗੇ, ਜਿੰਨਾ ਚਿਰ ਸਰਕਾਰ ਉਨ੍ਹਾਂ ਲਈ ਕੋਈ ਬਦਲਵਾਂ ਪ੍ਰਬੰਧ ਨਹੀਂ ਕਰਦੀ। ਵੱਲ੍ਹਾ ਫਾਟਕ ਦੀ ਭੀੜ ਭੜਕਦੀ ਦੇਖਦੇ ਹੋਏ ਏ ਸੀ ਪੀ ਜਸਪ੍ਰੀਤ ਸਿੰਘ ਨੂੰ ਦੋ ਥਾਣਿਆਂ ਮਕਬੂਲਪੁਰਾ ਅਤੇ ਬੀ-ਡਵੀਜ਼ਨ ਤੋਂ ਇਲਾਵਾ ਹੋਰ ਪੁਲਿਸ ਫੋਰਸ ਵੀ ਮੰਗਵਾਉਣੀ ਪਈ, ਜਿਸ ਵਿੱਚ ਜਨਾਨਾ ਪੁਲਿਸ ਤੋਂ ਇਲਾਵਾ ਘੋੜ ਸਵਾਰ ਪੁਲਿਸ ਵਾਲੇ ਵੀ ਸ਼ਾਮਲ ਸਨ। ਏ ਸੀ ਪੀ ਈਸਟ ਜਸਪ੍ਰੀਤ ਸਿੰਘ ਨੇ ਲੋਕਾਂ ਨੂੰ ਕਿਸੇ ਤਰ੍ਹਾਂ ਸ਼ਾਂਤ ਕਰਕੇ ਰੇਲਵੇ ਲਾਈਨਾਂ ਤੋਂ ਉਠਾ ਕੇ ਵਾਪਸ ਭੇਜਿਆ ਅਤੇ ਡੀ ਐੱਮ ਯੂ ਗੱਡੀ ਨੂੰ ਅੰਬਾਲਾ ਨੂੰ ਰਵਾਨਾ ਕੀਤਾ।

ਨਗਰ ਸੁਧਾਰ ਟਰਸਟ ਦੇ ਐਕਸੀਅਨ ਆਰ ਕੇ ਗਰਗ ਦਾ ਕਹਿਣਾ ਹੈ ਕਿ ਫਲੈਟਾਂ ਵਿੱਚ ਨਾਜਾਇਜ਼ ਕਬਜ਼ੇ ਕਿਸੇ ਹਾਲਤ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਦੋ ਮਹੀਨੇ ਪਹਿਲਾਂ ਨੋਟਿਸ ਦੇਣ ਤੋਂ ਬਾਅਦ ਮੰਗਲਵਾਰ ਨੂੰ ਕੀਤੀ ਕਾਰਵਾਈ ਵਿੱਚ ਸਿਰਫ ਨਾਜਾਇਜ਼ ਕਾਬਜ਼ ਲੋਕਾਂ ਨੂੰ ਹਟਾਇਆ ਗਿਆ ਹੈ, ਹੋਰ ਕਿਸੇ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਮੌਕੇ ਓਥੇ ਪਹੁੰਚੇ ਸਾਬਕਾ ਕੌਂਸਲਰ ਭੁਪਿੰਦਰ ਸਿੰਘ ਰਾਹੀ ਨੇ ਲੋਕਾਂ ਦਾ ਪੱਖ ਲੈਂਦਿਆਂ ਕਿਹਾ ਕਿ ਕਈ ਸਾਲਾਂ ਤੋਂ ਏਥੇ ਰਹਿੰਦੇ ਗਰੀਬਾਂ ਦਾ ਉਜਾੜਾ ਕਰਨਾ ਠੀਕ ਨਹੀਂ। ਇਸ ਲਈ ਕੋਈ ਢੁਕਵਾਂ ਰਸਤਾ ਲੱਭ ਕੇ ਜਾਂ ਫਲੈਟਾਂ ਦੀ ਬੋਲੀ ਕਰਵਾ ਕੇ ਰਹਿ ਰਹੇ ਲੋਕਾਂ ਤੋਂ ਕਿਸ਼ਤਾਂ ਵਿੱਚ ਪੈਸੇ ਵਸੂਲ ਲਏ ਜਾਣ।

## ਕੈਦੀਆਂ ਤੋਂ ਕੰਮ ਲੈਣ ਲਈ ਪੰਜਾਬ ਦੀਆਂ ਜੇਲ੍ਹਾਂ ਵਿੱਚ ਸਨਅਤਾਂ ਲੱਗਣਗੀਆਂ



ਚੰਡੀਗੜ੍ਹ, 20 ਅਗਸਤ (ਪੋਸਟ ਬਿਊਰੋ)- ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਕੈਦੀ ਛੋਟੇ ਉਦਯੋਗਾਂ ਉੱਤੇ ਕੰਮ ਕਰਨਗੇ। ਇਸ ਸੰਬੰਧ ਵਿੱਚ ਪੰਜਾਬ ਦਾ ਗ੍ਰਹਿ ਵਿਭਾਗ, ਜੇਲ੍ਹ ਵਿਭਾਗ ਤੇ ਉਦਯੋਗ ਵਿਭਾਗ ਕੈਦੀਆਂ ਨੂੰ ਰੁੱਝੇ ਰੱਖਣ ਦੀ ਸੋਚ ਨਾਲ ਜੇਲ੍ਹਾਂ ਵਿੱਚ ਛੋਟੇ ਉਦਯੋਗ ਸਥਾਪਤ ਕਰਨ ਲਈ ਬਾਕਾਇਦਾ ਨੀਤੀ ਬਣਾਉਣ ਵਿੱਚ ਜੁਟਿਆ ਹੋਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਨੀਤੀ ਬਣਨ ਅਤੇ ਇਸ ਨੂੰ ਸਰਕਾਰ ਦੀ ਪ੍ਰਵਾਨਗੀ ਮਿਲਣ ਪਿੱਛੋਂ ਫੈਸਲਾ ਹੋਵੇਗਾ ਕਿ ਕਿਹੜੀ ਜੇਲ੍ਹ ਵਿੱਚ ਕਿਸ ਤਰ੍ਹਾਂ ਦੇ ਕੰਮ ਵਾਲੀ ਫੈਕਟਰੀ ਜਾਂ ਛੋਟਾ ਉਦਯੋਗ ਲਾਇਆ ਜਾਵੇਗਾ। ਇਹ ਕੰਮ ਨੇਪਰੇ ਚਾੜ੍ਹਨ ਲਈ ਜੇਲ੍ਹ ਵਿਭਾਗ, ਗ੍ਰਹਿ ਵਿਭਾਗ ਤੇ ਉਦਯੋਗ ਵਿਭਾਗ ਦੇ ਅਧਿਕਾਰੀਆਂ ਦੀ ਸਾਂਝੀ ਮੀਟਿੰਗ ਹੋ ਚੁੱਕੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵਕਤ ਜੇਲ੍ਹਾਂ ਵਿੱਚ ਵਿਰਲੇ ਵਿਰਲੇ ਕੈਦੀਆਂ ਦੇ ਕੰਮ ਕਰਨ ਦਾ ਕੋਈ ਪ੍ਰਬੰਧ ਨਹੀਂ ਅਤੇ ਕੰਮ ਨਾ ਹੋਣ ਕਰਕੇ ਵਿਹਲੇ ਰਹਿਣ ਕਾਰਨ ਕੈਦੀ ਲੜਦੇ ਭਿੜਦੇ ਹਨ, ਪਰ ਜੇ ਇਨ੍ਹਾਂ ਤੋਂ ਕੰਮ ਲਿਆ ਜਾਵੇ ਤਾਂ ਇਨ੍ਹਾਂ ਨੂੰ ਵਿਹਲ ਨਹੀਂ ਮਿਲੇਗੀ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਛੋਟੇ ਉਦਯੋਗ ਸਥਾਪਤ ਕਰਨ ਦੀ ਨੀਤੀ ਬਣਾਈ ਗਈ ਹੈ। ਜੇਲ੍ਹ ਮੰਤਰੀ ਵੱਲੋਂ ਪ੍ਰਵਾਨਗੀ ਮਿਲਣ 'ਤੇ ਬਾਅਦ ਨੀਤੀ ਉੱਤੇ ਪੰਜਾਬ ਕੈਬਨਿਟ ਵੱਲੋਂ ਮੋਹਰ ਲਾਈ ਜਾਵੇਗੀ।

ਵਰਨਣ ਯੋਗ ਹੈ ਕਿ ਪੰਜਾਬ ਵਿੱਚ ਦੋ ਦਰਜਨ ਦੇ ਕਰੀਬ ਜੇਲ੍ਹਾਂ ਹਨ, ਜਿਨ੍ਹਾਂ ਵਿੱਚ ਕੇਂਦਰੀ ਜੇਲ੍ਹ, ਜ਼ਿਲਾ ਜੇਲ੍ਹ, ਸਬ ਜੇਲ੍ਹ ਅਤੇ ਬੱਚਿਆਂ ਲਈ (ਜੁਵੇਨਾਈਲ) ਜੇਲ੍ਹਾਂ ਹਨ। ਇਨ੍ਹਾਂ ਵਿੱਚ 21 ਹਜ਼ਾਰ ਦੇ ਕਰੀਬ ਕੈਦੀਆਂ ਨੂੰ ਰੱਖਣ ਦੀ ਸਮਰੱਥਾ ਹੈ, ਪਰ ਇਨ੍ਹਾਂ ਵਿੱਚ ਅਕਸਰ ਸਮਰੱਥਾ ਤੋਂ ਵੱਧ ਕੈਦੀਆਂ ਨੂੰ ਰੱਖਿਆ ਜਾਂਦਾ ਹੈ। ਜੇਲ੍ਹਾਂ ਵਿੱਚ ਸਮਰੱਥਾ ਤੋਂ ਵੱਧ ਕੈਦੀ ਰੱਖੇ ਜਾਣ ਕਾਰਨ ਜੇਲ੍ਹਾਂ ਵਿੱਚ ਕੈਦੀਆਂ ਦੇ ਗਰੁੱਪਾਂ ਦੇ ਝਗੜਾ ਹੋਣ ਦੀਆਂ ਘਟਨਾਵਾਂ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਬਾਰੇ ਇੱਕ ਅਧਿਕਾਰੀ ਨੇ ਦੱਸਿਆ ਕਿ ਜਦੋਂ ਨੀਤੀ ਤਿਆਰ ਹੋ ਗਈ ਤਾਂ ਜਿਹੜੀਆਂ ਵੱਡੀਆਂ ਜੇਲ੍ਹਾਂ ਹਨ ਜਾਂ ਜਿਹੜੀ ਜੇਲ੍ਹ ਵਿੱਚ ਵਾਧੂ ਜਗ੍ਹਾ ਹੋਵੇਗੀ, ਉਥੇ ਛੋਟੀਆਂ ਫੈਕਟਰੀਆਂ, ਉਦਯੋਗ ਸਥਾਪਤ ਕਰਨ ਦੀ ਸ਼ੁਰੂਆਤ ਕੀਤੀ ਜਾਵੇਗੀ।

## ਫਿਨੋ ਬੈਂਕ ਵਿੱਚ ਖੋਲ੍ਹੇ 200 ਜਾਅਲੀ ਖਾਤਿਆਂ ਦਾ ਭੇਦ ਖੁੱਲ੍ਹਣ ਦੇ ਬਾਅਦ ਮੈਨੇਜਰ ਗ੍ਰਿਫਤਾਰ



ਪਟਿਆਲਾ, 20 ਅਗਸਤ (ਪੋਸਟ ਬਿਊਰੋ)- ਪਾਰਲੀਮੈਂਟ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਨਾਲ ਪਿਛਲੇ ਦਿਨੀਂ ਹੋਈ 23 ਲੱਖ ਰੁਪਏ ਦੀ ਠੱਗੀ ਦੇ ਕੇਸ ਵਿੱਚ ਪਟਿਆਲਾ ਪੁਲਸ ਨੇ ਅੱਗੇ ਵਧਦੇ ਹੋਏ ਫਿਨੋ ਪੇਮੈਂਟ ਬੈਂਕ ਲਿਮਟਿਡ ਵੱਲੋਂ ਖੋਲ੍ਹੇ ਗਏ 200 ਫਰਜ਼ੀ ਖਾਤਿਆਂ ਦਾ ਪਰਦਾ ਫਾਸ਼ ਕੀਤਾ ਹੈ। ਇਸ ਬਾਰੇ ਪੁਲਸ ਨੇ ਇੱਕ ਨਵਾਂ ਕੇਸ ਦਰਜ ਕਰ ਕੇ ਇਸ ਬੈਂਕ ਦੇ ਮੈਨੇਜਰ ਅਸ਼ੀਸ਼ ਕੁਮਾਰ ਵਾਸੀ ਲੁਧਿਆਣਾ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਦਾ ਦਾਅਵਾ ਹੈ ਕਿ ਇਨ੍ਹਾਂ ਖਾਤਿਆਂ ਰਾਹੀਂ ਸਾਈਬਰ ਠੱਗੀ ਦੇ ਕਰੋੜਾਂ ਰੁਪਏ ਦਾ ਲੈਣ-ਦੇਣ ਹੁੰਦਾ ਰਿਹਾ ਹੈ।

ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪਾਰਲੀਮੈਂਟ ਮੈਂਬਰ ਪ੍ਰਨੀਤ ਕੌਰ ਨਾਲ ਹੋਈ ਠੱਗੀ ਦੇ ਕੇਸ ਵਿੱਚ ਗ੍ਰਿਫਤਾਰ ਕੀਤੇ ਤਿੰਨ ਵਿਅਕਤੀਆਂ ਵਿੱਚੋਂ ਇੱਕ ਅਫਸਰ ਅਲੀ ਨੂੰ ਪੁਲਸ ਨੇ ਰਿਮਾਂਡ ਉੱਤੇ ਲਿਆ ਹੋਇਆ ਸੀ। ਬਾਕੀ ਦੋ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਬਾਰੇ ਐੱਸ ਪੀ ਡੀ ਹਰਮੀਤ ਸਿੰਘ ਹੁੰਦਲ ਅਤੇ ਡੀ ਐੱਸ ਪੀ ਸਿਟੀ-1 ਅਤੇ ਹੋਰ ਅਧਿਕਾਰੀਆਂ ਦੀ ਟੀਮ ਨੇ ਜਾਂਚ ਅੱਗੇ ਵਧਾਈ ਤਾਂ ਪਤਾ ਲੱਗਾ ਕਿ ਅਫਸਰ ਅਲੀ 10ਵੀਂ ਪਾਸ ਹੈ ਅਤੇ ਪਹਿਲਾਂ ਆਧਾਰ ਕਾਰਡ ਬਣਾਉਣ ਦਾ ਕੰਮ ਕਰਦਾ ਸੀ। ਇਸ ਪਿੱਛੋਂ ਉਹ ਫਿਨੋ ਪੇਮੈਂਟ ਬੈਂਕ ਲਿਮਟਿਡ ਦਾ ਡਿਸਟ੍ਰੀਬਿਊਟਰ/ ਮਰਚੈਂਟ ਬਣ ਗਿਆ ਤੇ ਬੈਂਕ ਨੇ ਉਸ ਨੂੰ ਇੱਕ ਆਈ ਡੀ ਦਿੱਤੀ ਸੀ, ਜਿਸ ਰਾਹੀਂ ਉਹ ਫਿਨੋ ਬੈਂਕ ਵਿੱਚ ਖਾਤੇ ਖੋਲ੍ਹਦਾ ਸੀ। ਇਸ ਦੌਰਾਨ ਉਹ 200 ਫਰਜ਼ੀ ਖਾਤੇ ਖੋਲ੍ਹ ਚੁੱਕਾ ਸੀ, ਜਿਨ੍ਹਾਂ ਰਾਹੀਂ ਇਕੱਲੇ ਜੁਲਾਈ ਮਹੀਨੇ ਵਿੱਚ ਪੰਜ ਕਰੋੜ 33 ਲੱਖ 41 ਹਜ਼ਾਰ ਰੁਪਏ ਜਮ੍ਹਾ ਕਰਵਾਏ ਗਏ ਅਤੇ ਪੰਜ ਕਰੋੜ 25 ਲੱਖ 67 ਹਜ਼ਾਰ ਰੁਪਏ ਕਢਵਾਏ ਗਏ। ਬਾਕੀ ਦੇ ਸੱਤ ਲੱਖ 73 ਹਜ਼ਾਰ ਰੁਪਏ ਨੂੰ ਪੁਲਸ ਨੇ ਫਰੀਜ਼ ਕਰਵਾ ਦਿੱਤਾ ਹੈ। ਪੁਲਸ ਨੇ ਅਫਸਰ ਅਲੀ ਤੋਂ ਸੱਤ ਏ ਟੀ ਐੱਮ ਕਾਰਡ, 33 ਆਧਾਰ ਕਾਰਡ ਅਤੇ 76 ਮੋਬਾਈਲ ਸਿਮ ਹੋਰ ਬਰਾਮਦ ਕੀਤੇ ਹਨ।

## ਪੰਜਾਬ ਖੇਤੀ ਯੂਨੀਵਰਸਿਟੀ ਦੇ ਵੀ ਸੀ ਨੂੰ ਮਿਲੀ ਐਕਸਟੈਂਸ਼ਨ ਨੂੰ ਹਾਈ ਕੋਰਟ ਵਿੱਚ ਚੁਣੌਤੀ




ਚੰਡੀਗੜ੍ਹ, 20 ਅਗਸਤ (ਪੋਸਟ ਬਿਊਰੋ)- ਪੰਜਾਬ ਖੇਤੀ ਯੂਨੀਵਰਸਿਟੀ (ਪੀ ਏ ਯੂ) ਦੇ ਵਾਈਸ ਚਾਂਸਲਰ ਬਲਦੇਵ ਸਿੰਘ ਢਿੱਲੋਂ, ਜੋ ਪਹਿਲਾਂ ਹੀ ਇਸ ਅਹੁਦੇ ਉੱਤੇ ਚਾਰ-ਚਾਰ ਸਾਲ ਦੇ ਦੋ ਕਾਰਜਕਾਲ ਪੂਰੇ ਕਰ ਚੁੱਕੇ ਹਨ, ਨੂੰ ਫਿਰ ਇਸੇ ਅਹੁਦੇ ਉੱਤੇ ਦੋ ਸਾਲ ਦੀ ਐਕਸਟੈਂਸ਼ਨ ਦਿੱਤੇ ਜਾਣ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਗਈ ਹੈ। ਹਾਈ ਕੋਰਟ ਨੇ ਇਸ ਉੱਤੇ ਪੰਜਾਬ ਸਰਕਾਰ ਤੇ ਖੇਤੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸੀ, ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ ਅਤੇ ਯੂ ਜੀ ਸੀ ਨੂੰ 29 ਅਕਤੂਬਰ ਲਈ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕਰ ਲਿਆ ਹੈ।

ਜਸਟਿਸ ਤਜਿੰਦਰ ਸਿੰਘ ਢੀਂਡਸਾ ਨੇ ਇਹ ਨੋਟਿਸ ਇਸ ਮਾਮਲੇ ਨੂੰ ਲੈ ਕੇ ਸਮਾਜਕ ਜਾਗ੍ਰਿਤੀ ਮੰਚ ਦੇ ਚੇਅਰਮੈਨ ਜਗਦੀਪ ਸਿੰਘ ਗਿੱਲ ਵੱਲੋਂ ਐਡਵੋਕੇਟ ਐਚ ਸੀ ਅਰੋੜਾ ਦੇ ਰਾਹੀਂ ਦਾਇਰ ਅਰਜ਼ੀ 'ਤੇ ਸੁਣਵਾਈ ਪਿੱਛੋਂ ਜਾਰੀ ਕੀਤਾ ਹੈ। ਇਸ ਅਰਜ਼ੀ ਵਿੱਚ ਹਾਈ ਕੋਰਟ ਨੂੰ ਇਹ ਦੱਸਿਆ ਗਿਆ ਕਿ ਡਾਕਟਰ ਬਲਦੇਵ ਸਿੰਘ ਢਿੱਲੋਂ ਨੂੰ ਖੇਤੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਅਹੁਦੇ 'ਤੇ ਸਾਲ 2011 ਵਿੱਚ ਨਿਯੁਕਤ ਕੀਤਾ ਗਿਆ ਸੀ। ਇਸ ਅਹੁਦੇ ਦਾ ਕਾਰਜਕਾਲ ਚਾਰ ਸਾਲ ਦਾ ਹੁੰਦਾ ਹੈ, ਸਾਲ 2015 ਵਿੱਚ ਡਾਕਟਰ ਢਿੱਲੋਂ ਦਾ ਕਾਰਜਕਾਲ ਖ਼ਤਮ ਹੋਣ ਪਿੱਛੋਂ ਉਨ੍ਹਾਂ ਨੂੰ ਫਿਰ ਚਾਰ ਸਾਲ ਦੇ ਲਈ ਇਸ ਅਹੁਦੇ 'ਤੇ ਨਿਯੁਕਤੀ ਦੇ ਦਿੱਤੀ ਗਈ ਹੈ। ਇਸ ਸਾਲ ਡਾਕਟਰ ਢਿੱਲੋਂ ਦਾ ਇਸ ਅਹੁਦੇ ਉੱਤੇ ਦੂਸਰਾ ਕਾਰਜਕਾਲ ਖ਼ਤਮ ਹੁੰਦੇ ਸਾਰ ਉਨ੍ਹਾਂ ਨੂੰ ਫਿਰ ਇਸੇ ਅਹੁਦੇ ਉੱਤੇ ਦੋ ਸਾਲ ਦੀ ਹੋਰ ਐਕਸਟੈਂਸ਼ਨ ਦੇ ਦਿੱਤੀ ਗਈ ਹੈ। ਇਸੇ ਦੇ ਖ਼ਿਲਾਫ ਪਟੀਸ਼ਨ ਕਰਤਾ ਸੰਸਥਾ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਕਿਹਾ ਹੈ ਕਿ ਹਰਿਆਣਾ ਅਤੇ ਪੰਜਾਬ ਖੇਤੀ ਯੂਨੀਵਰਸਿਟੀ ਐਕਟ ਦੇ ਤਹਿਤ ਇਸ ਅਹੁਦੇ ਉੱਤੇ ਨਿਯੁਕਤ ਕਿਸੇ ਵੀ ਵਿਅਕਤੀ ਨੂੰ ਦੋ ਕਾਰਜਕਾਲ ਤੋਂ ਵੱਧ ਨਿਯੁਕਤ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਡਾਕਟਰ ਢਿੱਲੋਂ ਨੂੰ ਇਹ ਐਕਸਟੈਂਸ਼ਨ ਦਿੱਤੀ ਜਾਣੀ ਪੂਰੀ ਤਰ੍ਹਾਂ ਨਿਯਮਾਂ ਦੀ ਉਲੰਘਣਾ ਹੈ।



## ਮਸ਼ਹੂਰ ਸੰਗੀਤਕਾਰ ਖਿਆਮ ਦਾ ਲੰਮੀ ਬਿਮਾਰੀ ਪਿੱਛੋਂ ਦੇਹਾਂਤ



ਨਵੀਂ ਦਿੱਲੀ, 20 ਅਗਸਤ (ਪੋਸਟ ਬਿਊਰੋ)- ਭਾਰਤੀ ਸਿਨੇਮਾ ਦੇ ਮਸ਼ਹੂਰ ਸੰਗੀਤਕਾਰ ਖਿਆਮ ਦਾ ਦੇਹਾਂਤ ਹੋ ਗਿਆ। 92 ਸਾਲਾ ਖਿਆਮ ਲੰਮੇ ਸਮੇਂ ਤੋਂ ਬਿਮਾਰ ਸਨ ਤੇ ਮੁੰਬਈ ਦੇ ਇਕ ਹਸਪਤਾਲ ਵਿੱਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ। ਪਿਛਲੇ ਕਈ ਦਿਨਾਂ ਤੋਂ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਗਈ ਸੀ। ਸੋਮਵਾਰ ਰਾਤ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖਿਆਮ ਦੇ ਦੇਹਾਂਤ ਉੱਤੇ ਡੂੰਘੇ ਦੁੱਖ ਪ੍ਰਗਟ ਕਰਦੇ ਹੋਏ ਟਵੀਟ ਲਿਖਿਆ ਕਿ ਪ੍ਰਸਿੱਧ ਸੰਗੀਤਕਾਰ ਖਿਆਮ ਸਾਹਿਬ ਦੇ ਦੇਹਾਂਤ ਨਾਲ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਨੇ ਆਪਣੀਆਂ ਯਾਦਗਾਰ ਧੁਨਾਂ ਨਾਲ ਅਣਗਿਣਤ ਗੀਤਾਂ ਨੂੰ ਅਮਰ ਬਣਾ ਦਿੱਤਾ ਸੀ। ਉਨ੍ਹਾਂ ਦੇ ਇਸ ਯੋਗਦਾਨ ਲਈ ਫਿਲਮ ਅਤੇ ਕਲਾ ਜਗਤ ਹਮੇਸ਼ਾ ਉਨ੍ਹਾਂ ਦਾ ਰਿਣੀ ਰਹੇਗਾ। ਦੁੱਖ ਦੀ ਇਸ ਘੜੀ ਵਿੱਚ ਮੇਰੀਆਂ ਸੰਵੇਦਨਾਵਾ ਉਨ੍ਹਾਂ ਦੇ ਚਾਹੁਣ ਵਾ- ਲਿਆਂ ਦੇ ਨਾਲ ਹਨ।

ਵਰਨਣ ਯੋਗ ਹੈ ਕਿ ਖਿਆਮ ਦਾ ਪੂਰਾ ਨਾਂ ਮੁਹੰਮਦ ਜ਼ਹੂਰ ਖਿਆਮ ਹਾਸ਼ਮੀ ਸੀ, ਪਰ ਫਿਲਮ ਜਗਤ ਵਿੱਚ ਉਨ੍ਹਾਂ ਨੂੰ ਖਿਆਮ ਦੇ ਨਾਂ ਤੋਂ ਪ੍ਰਸਿੱਧੀ ਮਿਲੀ ਸੀ। ਉਨ੍ਹਾਂ ਨੂੰ 'ਕਭੀ ਕਭੀ' ਅਤੇ 'ਉਮਰਾਵ ਜਾਨ' ਵਰਗੀਆਂ ਫਿਲਮਾਂ ਲਈ ਫਿਲਮ ਫੇਅਰ ਐਵਾਰਡ ਮਿਲਿਆ ਸੀ। ਖਿਆਮ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ 1947 ਵਿੱਚ ਕੀਤੀ ਸੀ। ਸੰਨ 1961 ਵਿੱਚ ਫਿਲਮ 'ਸ਼ੋਲਾ ਔਰ ਸ਼ਬਨਮ' ਵਿੱਚ ਸੰਗੀਤ ਦੇ ਕੇ ਖਿਆਮ ਨੂੰ ਪਛਾਣ ਮਿਲਣੀ ਸ਼ੁਰੂ ਹੋਈ ਸੀ। ਆਖਰੀ ਖ਼ਤ, ਕਭੀ ਕਭੀ, ਤ੍ਰਿਸ਼ੂਲ, ਨੂਰੀ, ਬਾਜ਼ਾਰ, ਉਮਰਾਵ ਜਾਨ ਅਤੇ ਯਾਤਰਾ ਵਰਗੀਆਂ ਫਿਲਮਾਂ ਨੂੰ ਉਨ੍ਹਾਂ ਨੇ ਸੰਗੀਤ ਦਿੱਤਾ ਸੀ। ਮੁਹੰਮਦ ਜਹੂਰ ਖਿਆਮ ਨੇ ਸੰਗੀਤ ਦੀ ਦੁਨੀਆ ਵਿੱਚ ਆਪਣਾ ਸਫਰ 17 ਸਾਲ ਦੀ ਉਮਰ ਵਿੱਚ ਲੁਧਿਆਣਾ ਤੋਂ ਸ਼ੁਰੂ ਕੀਤਾ ਸੀ। ਉਨ੍ਹਾਂ ਨੂੰ ਆਪਣੇ ਕੈਰੀਅਰ ਦਾ ਪਹਿਲਾ ਵੱਡਾ ਬ੍ਰੇਕ ਬਲਾਕਬਸਟਰ ਮੂਵੀ 'ਉਮਰਾਵ ਜਾਨ' ਤੋਂ ਮਿਲਿਆ ਸੀ, ਜਿਸ ਦੇ ਗਾਣੇ ਅੱਜ ਵੀ ਬਾਲੀਵੁੱਡ ਵਿੱਚ ਅਤੇ ਲੋਕਾਂ ਦੇ ਦਿਨਾਂ ਵਿੱਚ ਗੂੰਜਦੇ ਹਨ।

# ਉਤਰਕਾਸ਼ੀ ਵਿੱਚ ਬੱਦਲ ਫਟਣ ਨਾਲ 10 ਮੌਤਾਂ, ਛੇ ਲਾਪਤਾ



ਦੇਹਰਾਦੂਨ, 20 ਅਗਸਤ (ਪੋਸਟ ਬਿਊਰੋ)- ਉਤਰਾਖੰਡ ਦੇ ਉਤਰਕਾਸ਼ੀ ਜ਼ਿਲ੍ਹੇ ਵਿੱਚ ਐਤਵਾਰ ਨੂੰ ਬੱਦਲ ਫਟਣ ਅਤੇ ਜ਼ਮੀਨ ਖਿਸਕਣ ਕਾਰਨ ਮਚੀ ਤਬਾਹੀ ਵਿੱਚ ਮਰਨ ਵਾਲਿਆਂ ਦੀ ਗਿਣਤੀ ਕੱਲ੍ਹ ਤੱਕ 10 ਹੋ ਗਈ ਹੈ।

ਵਰਨਣ ਯੋਗ ਹੈ ਕਿ ਪਿਛਲੇ ਦੋ ਦਿਨਾਂ ਵਿੱਚ ਪਏ ਭਾਰੀ ਮੀਂਹ ਕਾਰਨ ਸੂਬੇ ਦੀਆਂ ਨਦੀਆਂ ਭਰੀਆਂ ਹੋਈਆਂ ਹਨ। ਖਰਾਬ ਮੌਸਮ ਕਾਰਨ ਪਰਸੋਂ ਤਲਾਸ਼ੀ ਤੇ ਰਾਹਤ ਮੁਹਿੰਮ ਵਿੱਚ ਅੜਚਨ ਆਈ ਸੀ ਅਤੇ ਕੱਲ੍ਹ ਮੁਕਾਬਲਤਨ ਮੌਸਮ ਠੀਕ ਹੋ ਜਾਣ ਮਗਰੋਂ ਰਾਹਤ ਮੁਹਿੰਮ ਤੇਜ਼ ਹੋਈ ਹੈ। ਖਾਣੇ ਦੇ ਪੈਕੇਟ, ਰਾਸ਼ਨ ਅਤੇ ਜ਼ਰੂਰੀ ਦਵਾਈਆਂ ਸਮੇਤ ਰਾਹਤ ਸਮੱਗਰੀ ਪ੍ਰਭਾਵਤ ਇਲਾਕਿਆਂ ਤੱਕ ਪਹੁੰਚਾਈ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕੱਲ੍ਹ ਦੀ ਘਟਨਾ ਮਗਰੋਂ ਛੇ ਜਣੇ ਲਾਪਤਾ ਹਨ। ਐੱਨ ਡੀ ਆਰ ਐੱਫ ਦੇ ਅਧਿਕਾਰੀ ਸੰਜੇ ਗੁੰਜਾਲ ਨੇ ਦੱਸਿਆ ਕਿ ਪ੍ਰਭਾਵਤ ਖੇਤਰਾਂ ਤੋਂ ਦਸ ਲਾਸ਼ਾਂ ਬਰਾਮਦ ਹੋਈਆਂ ਹਨ, ਜਦ ਕਿ ਛੇ ਜਣੇ ਲਾਪਤਾ ਹਨ। ਉਨ੍ਹਾਂ ਦੱਸਿਆ ਕਿ ਰਾਹਤ ਅਤੇ ਬਚਾਅ ਕੰਮਾਂ ਦੀ ਨਿਗਰਾਨੀ ਲਈ ਆਰਾਕੋਟ ਵਿੱਚ ਸੰਚਾਰ ਸਹੂਲਤਾਂ ਨਾਲ ਲੈੱਸ ਬੇਸ ਕੈਂਪ ਸਥਾਪਤ ਕੀਤਾ ਗਿਆ ਹੈ। ਪ੍ਰਭਾਵਤ ਹੋਏ ਕਰੀਬ ਅੱਧਾ ਦਰਜਨ ਪਿੰਡਾਂ ਦੀ ਜਨਤਾ ਨਾਲ ਸੰਪਰਕ ਸਥਾਪਤ ਕੀਤਾ ਗਿਆ ਹੈ। ਕੱਲ੍ਹ ਮੌਸਮ ਵਿੱਚ ਥੋੜ੍ਹਾ ਸੁਧਾਰ ਹੋਣ ਨਾਲ ਰਾਹਤ ਮੁਹਿੰਮ ਨੇ ਤੇਜ਼ੀ ਫੜੀ ਹੈ। ਪੁਲਸ ਐੱਨ ਡੀ ਆਰ ਐੱਫ, ਆਈ ਟੀ ਬੀ ਪੀ, ਪੀ ਏ ਸੀ ਦੇ ਜਵਾਨ ਅਤੇ ਅਧਿਕਾਰੀ ਬਚਾਅ ਤੇ ਰਾਹਤ ਮੁਹਿੰਮ ਵਿੱਚ ਲੱਗੇ ਹੋਏ ਹਨ। ਪ੍ਰਭਾਵਤ ਖੇਤਰਾਂ ਵਿੱਚ ਫਸੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਰਿਹਾ ਹੈ।

## ਹੋਟਲਾਂ ਵਿੱਚ ਵਿਆਹਾਂ ਬਾਰੇ ਸੁਪਰੀਮ ਕੋਰਟ ਨੇ ਮੁੱਖ ਸਕੱਤਰ ਨੂੰ ਤਲਬ ਕੀਤਾ



ਨਵੀਂ ਦਿੱਲੀ, 20 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਦਿੱਲੀ ਦੇ ਮੁੱਖ ਸਕੱਤਰ ਨੂੰ 23 ਅਗਸਤ ਨੂੰ ਹਾਜ਼ਰ ਹੋਣ ਨੂੰ ਕਿਹਾ ਹੈ। ਮੁੱਖ ਸਕੱਤਰ ਨੂੰ ਕੋਰਟ ਨੇ ਹੋਟਲਾਂ, ਫਾਰਮ ਹਾਊਸਾਂ ਅਤੇ ਘੱਟ ਆਬਾਦੀ ਵਾਲੇ ਰਿਹਾਇਸ਼ੀ ਇਲਾਕਿਆਂ ਵਿੱਚ ਸਮਾਜਿਕ ਪ੍ਰੋਗਰਾਮਾਂ ਅਤੇ ਵਿਆਹ ਸਮਾਗਮਾਂ ਦੀ ਨੀਤੀ ਬਾਰੇ ਦੱਸਣ ਲਈ ਕਿਹਾ ਹੈ।

ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਦੀਪਕ ਗੁਪਤਾ ਦੇ ਬੈਂਚ ਨੇ ਦਿੱਲੀ ਸਰਕਾਰ ਦੇ ਵਕੀਲ ਦੇ ਪੇਸ਼ ਹੋਣ ਤੋਂ ਬਾਅਦ ਇਹ ਨਿਰਦੇਸ਼ ਦਿੱਤਾ। ਵਕੀਲ ਨੇ ਦੱਸਿਆ ਸੀ ਕਿ ਉਨ੍ਹਾਂ ਨੀਤੀ ਨੂੰ ਆਖਰੀ ਰੂਪ ਦੇ ਦਿੱਤਾ ਹੈ ਅਤੇ ਦਿੱਲੀ ਵਿਕਾਸ ਅਥਾਰਟੀ (ਡੀ ਈ ਏ) ਨੇ ਇਸ ਨੂੰ ਨੋਟੀਫਾਈ ਕਰਨਾ ਹੈ। ਵਕੀਲ ਨੇ ਅਦਾਲਤ ਨੂੰ ਕਿਹਾ, 'ਸਾਡੀ ਨੀਤੀ ਤਿਆਰ ਹੈ। ਅੱਗੋਂ ਡੀ ਡੀ ਏ ਨੂੰ ਇਸ ਨੂੰ ਨੋਟੀਫਾਈ ਕਰਨਾ ਹੈ।' ਇਸ ਮਗਰੋਂ ਅਦਾਲਤ ਨੇ ਡੀ ਡੀ ਏ ਦੇ ਵਕੀਲ ਨੂੰ ਕਿਹਾ, ਇਸ ਨੂੰ ਨੋਟੀਫਾਈ ਕਰਨ ਵਿੱਚ ਕਿੰਨਾ ਸਮਾਂ ਲੱਗੇਗਾ? ਡੀ ਡੀ ਏ ਦੀ ਵਕੀਲ ਨੇ ਕਿਹਾ ਕਿ ਉਹ ਇਸ ਮੁੱਦੇ 'ਤੇ ਨਿਰਦੇਸ਼ ਲਵੇਗੀ। ਉਨ੍ਹਾਂ ਕਿਹਾ ਕਿ ਹਾਲੇ ਤੱਕ ਡੀ ਡੀ ਏ ਨੂੰ ਨੀਤੀ ਨਹੀਂ ਸੌਂਪੀ ਗਈ। ਦਿੱਲੀ ਸਰਕਾਰ ਦੇ ਵਕੀਲ ਨੇ ਕਿਹਾ, 'ਨਿਰਦੇਸ਼ਾਂ ਦੇ ਮੁਤਾਬਕ ਅਸੀਂ ਇਹ ਨੀਤੀ ਡੀ ਡੀ ਏ ਨੂੰ ਭੇਜ ਦਿੱਤੀ ਹੈ। ਦੋ ਦਿਨਾਂ ਵਿੱਚ ਮੈਂ ਇਹ ਯਕੀਨੀ ਕਰਾਂਗਾ ਕਿ ਇਹ ਡੀ ਡੀ ਏ ਨੂੰ ਭੇਜੀ ਜਾ ਚੁੱਕੀ ਹੈ।' ਇਸ ਉਤੇ ਬੈਂਚ ਨੇ ਕਿਹਾ, 'ਸ਼ੁੱਕਰਵਾਰ ਨੂੰ ਦਿੱਲੀ ਦੇ ਮੁੱਖ ਸਕੱਤਰ ਨੂੰ ਕੋਰਟ ਵਿੱਚ ਹਾਜ਼ਰ ਹੋਣ ਦਿਓ।' ਦਿੱਲੀ ਸਰਕਾਰ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਇਹ ਸਪਸ਼ਟ ਕਰਨ ਨੂੰ ਕਿਹਾ ਸੀ ਕਿ ਕਾਨੂੰਨ ਦੀ ਕਿਹੜੀ ਤਜਵੀਜ਼ ਤਹਿਤ ਨੀਤੀ ਤਿਆਰ ਕੀਤੀ ਗਈ ਹੈ। ਉਨ੍ਹਾਂ ਸੰਵਿਧਾਨ ਦੀ ਦਾਰਾ 239 ਏ ਏ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਇਹ ਵਿਧਾਨ ਸਭਾ ਨੂੰ ਅਜਿਹੀ ਨੀਤੀ ਤਿਆਰ ਕਰਨ ਦੀ ਵਿਸ਼ੇਸ਼ ਸ਼ਕਤੀ ਪ੍ਰਦਾਨ ਕਰਦਾ ਹੈ।

## ਸਈਦ ਅਲੀ ਸ਼ਾਹ ਗਿਲਾਨੀ ਦਾ ਇੰਟਰਨੈੱਟ ਚਾਲੂ ਰਿਹਾ

ਸ੍ਰੀਨਗਰ, 20 ਅਗਸਤ (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿੱਚ ਧਾਰਾ 370 ਦੀਆਂ ਜ਼ਿਆਦਾਤਰ ਰੋਕਾਂ ਨੂੰ ਹਟਾਏ ਜਾਣ ਪਿੱਛੋਂ ਮੋਬਾਈਲ ਅਤੇ ਇੰਟਰਨੈਟ ਸੇਵਾਵਾਂ 'ਤੇ ਬੈਨ ਲੱਗਾ ਹੋਇਆ ਹੈ। ਕਸ਼ਮੀਰ ਵਿੱਚ ਅਜੇ ਸਿਰਫ ਲੈਂਡਲਾਈਨ ਫੋਨ ਹੀ ਚਾਲੂ ਕੀਤੇ ਗਏ ਹਨ। ਇਸੇ ਦੌਰਾਨ ਪਾਬੰਦੀ ਦੇ ਬਾਵਜੂਦ ਵੱਖਵਾਦੀ ਨੇਤਾ ਸਈਦ ਅਲੀ ਸ਼ਾਹ ਗਿਲਾਨੀ ਦਾ ਇੰਟਰਨੈਟ ਚੱਲਣ ਦੇ ਕੇਸ ਵਿੱਚ ਬੀ ਐੱਸ ਐੱਨ ਐੱਲ ਨੇ ਆਪਣੇ ਦੋ ਅਧਿਕਾਰੀਆਂ ਨੂੰ ਸਸਪੈਂਡ ਕਰ ਦਿੱਤਾ ਹੈ। ਇਸ ਸੰਬੰਧ ਵਿੱਚ ਇਹ ਦੋਸ਼ ਲਾਇਆ ਗਿਆ ਹੈ ਕਿ ਦੋਵਾਂ ਅਧਿਕਾਰੀਆਂ ਨੇ ਹੁਰੀਅਤ ਕਾਨਫਰੰਸ ਦੇ ਵੱਖਵਾਦੀ ਨੇਤਾ ਸਈਦ ਅਲੀ ਸ਼ਾਹ ਗਿਲਾਨੀ ਨੂੰ ਪਾਬੰਦੀ ਦੀ ਉਲੰਘਣਾ ਕਰ ਕੇ ਇੰਟਰਨੈਟ ਲਿੰਕ ਹਾਸਲ ਕਰਵ- ਾਇਆ ਸੀ, ਜਿਸ ਦੇ ਨਾਲ ਗਿਲਾਨੀ ਨੇ ਆਪਣੇ ਅਕਾਊਂਟ ਤੋਂ ਕਈ ਟਵੀਟ ਵੀ ਕੀਤੇ ਸਨ। ਇਹ ਅਕਾਊਂਟ ਵੈਰੀਫਾਈਡ ਨਹੀਂ ਹੈ।

# 500 ਕਰੋੜ ਦੇ ਫੰਡ ਨਾਲ ਏਅਰ ਇੰਡੀਆ ਦੇ 20 ਜਹਾਜ਼ ਫਿਰ ਉਡਾਣ ਭਰਨਗੇ



ਨਵੀਂ ਦਿੱਲੀ, 20 ਅਗਸਤ (ਪੋਸਟ ਬਿਊਰੋ)- ਏਅਰ ਇੰਡੀਆ ਨੇ ਨੈਰੋਬੀ ਅਤੇ ਟੋਰੰਟੋ 'ਚ ਨਵੇਂ ਰੂਟਾਂ ਨੂੰ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ। ਦੂਜੇ ਪਾਸੇ ਕੰਪਨੀ ਨੂੰ ਉਮੀਦ ਹੈ ਕਿ ਉਸ ਦੇ ਸਾਰੇ 20 ਜਹਾਜ਼ ਅਕਤੂਬਰ ਤੱਕ ਬੇੜੇ ਵਿੱਚ ਸ਼ਾਮਲ ਹੋ ਜਾਣਗੇ। ਏਅਰ ਇੰਡੀਆ ਦਾ ਪ੍ਰਦਰਸ਼ਨ ਪਿਛਲੇ ਸਾਲ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਹੈ ਕਿਉਂਕਿ ਇਸ ਦੇ ਸੱਤ ਵੱਡੇ ਅਤੇ 13 ਛੋਟੇ ਜਹਾਜ਼ ਮੁਰੰਮਤ ਅਤੇ ਰੱਖ ਰਖਾਅ ਲਈ ਜ਼ਮੀਨ 'ਤੇ ਖੜ੍ਹੇ ਕਰ ਦਿੱਤੇ ਸਨ।

ਏਅਰਲਾਈਨਜ਼ ਡਿਪਾਰਟਮੈਂਟ ਨੇ ਪੜਾਅ ਬੱਧ ਤਰੀਕੇ ਨਾਲ ਇਨ੍ਹਾਂ ਜਹਾਜ਼ਾਂ ਨੂੰ ਬੇੜੇ ਵਿੱਚ ਵਾਪਸ ਲਿਆਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਪਹਿਲੇ ਪੜਾਅ 'ਚ ਦੋ ਬੋਇੰਗ 787 ਜਹਾਜ਼ਾਂ ਨੂੰ ਸ਼ਾਮਲ ਕੀਤਾ ਜਾਵੇਗਾ, ਇਸ ਤੋਂ ਬਾਅਦ ਦੂਜੇ ਪੜਾਅ ਵਿੱਚ ਚਾਰ ਬੋਇੰਗ 777 ਜਹਾਜ਼ ਸ਼ਾਮਲ ਕੀਤੇ ਜਾਣਗੇ। ਸਰਦੀਆਂ ਤੋਂ ਪਹਿਲਾਂ ਸਾਰੇ ਜਹਾਜ਼ ਬੇੜੇ ਵਿੱਚ ਸ਼ਾਮਲ ਕਰ ਲਏ ਜਾਣਗੇ। ਏਅਰ ਇੰਡੀਆ ਨੇ ਇਨ੍ਹਾਂ ਜਹਾਜ਼ਾਂ ਨੂੰ ਫਿਰ ਤੋਂ ਚਲਾਉਣ ਲਈ ਲਗਭਗ 500 ਕਰੋੜ ਰੁਪਏ ਖਰਚ ਕਰਨ ਦੀ ਯੋਜਨਾ ਬਣਾਈ ਹੈ। ਇਸ ਫੰਡ ਨਾਲ ਜ਼ਮੀਨ 'ਤੇ ਖੜ੍ਹੇ 20 ਜਹਾਜ਼ ਫਿਰ ਉਡਾਣ ਭਰਨਗੇ। ਸਤੰਬਰ ਤੋਂ ਸ਼ੁਰੂ ਹੋ ਰਹੀ ਮੁੰਬਈ-ਨੈਰੋਬੀ ਅਤੇ ਦਿੱਲੀ-ਟੋਰੰਟੋ ਉਡਾਣ ਲਈ ਤਿਆਰੀਆਂ ਪੂਰੀਆਂ ਹੋ ਗਈਆਂ ਹਨ। ਇਸ ਤੋਂ ਬਾਅਦ 27 ਅਕਤੂਬਰ ਨੂੰ ਦਿੱਲੀ-ਚੇਨਈ-ਬਾਲੀ ਦੀ ਉਡਾਣ ਸ਼ੁਰੂ ਹੋਵੇਗੀ। ਆਰਥਕ ਸੰਕਟ ਨਾਲ ਜੂਝ ਰਹੀ ਜਨਤਕ ਖੇਤਰ ਦੀ ਹਵਾਈ ਕੰਪਨੀ ਏਅਰ ਇੰਡੀਆ ਦੀ ਮਦਦ ਲਈ ਸਰਕਾਰ ਨੂੰ ਕਦਮ ਚੁੱਕਿਆ ਹੈ। ਇਸ ਦੇ ਲਈ ਸਰਕਾਰ ਵਿਨਿਵੇਸ਼ ਪ੍ਰਕਿਰਿਆ ਛੇਤੀ ਸ਼ੁਰੂ ਕਰੇਗੀ। 28 ਜੂਨ 2017 ਨੂੰ ਇੱਕ ਬੈਠਕ ਆਰਥਕ ਮਾਮਲਿਆਂ ਦੀ ਮੰਤਰੀ ਮੰਡਲ ਦੀ ਕਮੇਟੀ ਨੇ ਸਿਧਾਂਤਕ ਰੂਪ ਨਾਲ ਏਅਰ ਇੰਡੀਆ ਅਤੇ ਇਸ ਦੀਆਂ ਪੰਜ ਕੰਪਨੀਆਂ ਦੇ ਰਣਨੀਤਕ ਵਿਨਿਵੇਸ਼ ਨੂੰ ਮਨਜ਼ੂਰੀ ਦਿੱਤੀ ਸੀ।

# ਚੰਦਰਮਾ ਦੇ ਪੰਧ ਵਿੱਚ ਚੰਦਰਯਾਨ-2 ਦਾਖ਼ਲ, ਵੱਡੀ ਰੁਕਾਵਟ ਪਾਰ



ਨਵੀਂ ਦਿੱਲੀ, 20 ਅਗਸਤ (ਪੋਸਟ ਬਿਊਰੋ)- ਆਪਣੀ ਲਾਂਚਿੰਗ ਦੇ 29 ਦਿਨ ਬਾਅਦ ਚੰਦਰਯਾਨ-2 ਅੱਜ ਮੰਗਲਵਾਰ ਨੂੰ ਚੰਦਰਮਾ ਦੇ ਪੰਧ ਵਿੱਚ ਦਾਖ਼ਲ ਹੋ ਗਿਆ ਹੈ। ਚੰਦਰਯਾਨ-2 ਸੱਤ ਸਤੰਬਰ ਨੂੰ ਚੰਦਰਮਾ ਉੱਤੇ ਲੈਂਡ ਕਰੇਗਾ, ਇਹ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੀ ਉਪਲੱਬਧੀ ਇਕ ਮੀਲ ਪੱਥਰ ਸਾਬਿਤ ਹੋਵੇਗੀ।

ਇਸਰੋ ਦੇ ਚੇਅਰਮੈਨ ਕੇ. ਸਿਵਨ ਨੇ ਦੱਸਿਆ ਕਿ ਚੰਦਰਯਾਨ-2 ਮੰਗਲਵਾਰ ਸਵੇਰੇ ਸਾਢੇ ਨੌਂ ਵਜੇ ਚੰਦਰਮਾ ਦੇ ਪੰਧ ਵਿੱਚ ਦਾਖ਼ਲ ਹੋਣ ਵੇਲੇ ਇਕ ਮੁਸ਼ਕਲ ਪ੍ਰੀਖਣ ਵਿੱਚੋਂ ਲੰਘਿਆ ਹੈ। ਚੰਦਰਮਾ ਦੇ ਪੰਧ ਵਿੱਚ ਦਾਖ਼ਲ ਕਰਨ ਉੱਤੇ ਉਸ ਦੇ ਗੁਰੂਤਾ ਦੇ ਪ੍ਰਭਾਵ ਵਿੱਚ ਪਹੁੰਚਣ ਲਈ ਪੁਲਾੜ ਯਾਨ ਦੀ ਰਫ਼ਤਾਰ ਘੱਟ ਕੀਤੀ ਗਈ। ਇਸ ਦੇ ਲਈ ਚੰਦਰਯਾਨ-2 ਦੇ ਆਨਬੋਰਡ ਪ੍ਰੋਪਲਸ਼ਨ ਸਿਸਟਮ ਨੂੰ ਥੋੜ੍ਹੀ ਦੇਰ ਲਈ ਫਾਇਰ ਕੀਤਾ ਗਿਆ। ਇਸ ਮੌਕੇ ਸਭ ਡਿਮਾਂਡਜ਼ ਬਿਲਕੁਲ ਸਟੀਕ ਤੇ ਸਹੀ ਸਨ। ਵਿਗਿਆਨੀਆਂ ਦੇ ਦੱਸਣ ਮੁਤਾਬਕ ਛੋਟੀ ਜਿਹੀ ਗ਼ਲਤੀ ਵੀ ਇਸ ਨੂੰ ਬੇਕਾਬੂ ਕਰ ਸਕਦੀ ਸੀ।

ਇਸ ਸੰਬੰਧ ਵਿੱਚ ਇਸਰੋ ਦੇ ਵਿਗਿਆਨੀਆਂ ਨੇ ਦੱਸਿਆ ਹੈ ਕਿ ਚੰਦਰਮਾ ਦੇ ਪੰਧ ਵਿੱਚ ਦਾਖ਼ਲ ਹੋਣ ਪਿੱਛੋਂ ਇਹ ਚੰਦਰਯਾਨ 31 ਅਗਸਤ ਤਕ ਚੰਦਰਮਾ ਦੇ ਪੰਧ ਵਿੱਚ ਘੁੰਮਣਾ ਸ਼ੁਰੂ ਕਰੇਗਾ। ਇਸ ਵਾਰ ਮੁੜ ਪੰਧ ਵਿੱਚ ਬਦਲਾਅ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ। ਇਸਰੋ ਦੇ ਮੁਤਾਬਿਕ ਚੰਦਰਯਾਨ ਨੂੰ ਚੰਦ ਦੀ ਸਭ ਤੋਂ ਕਰੀਬੀ ਪੰਧ ਤਕ ਪਹੁੰਚਣ ਲਈ ਪੰਧ ਵਿੱਚ ਚਾਰ ਬਦਲਾਅ ਕੀਤੇ ਜਾਣਗੇ। ਇਸ ਤਰ੍ਹਾਂ ਸਭ ਰੁਕਾਵਟਾਂ ਨੂੰ ਲੰਘ ਕੇ ਇਹ ਸੱਤ ਸਤੰਬਰ ਨੂੰ ਚੰਦਰਮਾ ਦੇ ਦੱਖਣੀ ਧਰੁਵ ਉੱਤੇ ਲੈਂਡ ਕਰੇਗਾ, ਜਿਸ ਹਿੱਸੇ ਵਿੱਚ ਹਾਲੇ ਤਕ ਮਨੁੱਖ ਵੱਲੋਂ ਬਣਾਇਆ ਯਾਨ ਨਹੀਂ ਉਤਰਿਆ।

# ਮੀਕਾ ਸਿੰਘ ਨੇ ਚਿੱਠੀ ਲਿਖ ਕੇ ਮੁਆਫੀ ਮੰਗੀ

ਨਵੀਂ ਦਿੱਲੀ, 20 ਅਗਸਤ (ਪੋਸਟ ਬਿਊਰੋ)- ਬਾਲੀਵੁੱਡ ਗਾਇਕ ਮੀਕਾ ਸਿੰਘ ਪਾਕਿਸਤਾਨ 'ਚ ਇਕ ਵਿਆਹ ਸਮਾਗਮ ਦੌਰਾਨ ਪੇਸ਼ਕਾਰੀ ਦੇਣ ਦੇ ਬਾਅਦ ਅਲੋਚਨਾਵਾਂ ਦਾ ਸ਼ਿਕਾਰ ਹੋ ਰਹੇ ਹਨ। ਮੁੰਬਈ ਵਿੱਚ ਕੱਲ੍ਹ ਇੰਡੀਅਨ ਸਿਨੇ ਵਰਕਰਸ ਐਸੋਸੀਏਸ਼ਨ ਦੇ ਮੈਂਬਰਾਂ ਨੇ ਮੀਕਾ ਸਿੰਘ ਦੇ ਖਿਲਾਫ ਪ੍ਰਦਰਸ਼ਨ ਕੀਤਾ ਹੈ। ਇਸ ਦੇ ਬਾਅਦ ਕਈ ਸੰਸਥਾਵਾਂ ਮੀਕਾ ਸਿੰਘ ਖਿਲਾਫ ਸੜਕ ਉੱਤੇ ਉਤਰ ਆਈਆਂ। ਮੀਕਾ ਸਿੰਘ 'ਤੇ 'ਆਲ ਇੰਡੀਆ ਸਿਨੇ ਵਰਕਰਸ ਐਸੋਸੀਏਸ਼ਨ (ਏ ਆਈ ਸੀ ਡਬਲਿਊ ਏ) ਅਤੇ ਐਫ ਡਬਲਿਊ ਆਈ ਸੀ ਈ ਨੇ ਪਾਬੰਦੀ ਲਾਈ ਸੀ।

ਇਸ ਮਾਮਲੇ ਵਿੱਚ ਮੀਕਾ ਸਿੰਘ ਨੇ ਮੁਆਫੀ ਮੰਗੀ ਹੈ ਅਤੇ ਫੈਡਰੇਸ਼ਨ ਆਫ ਵੈਟਰਨ ਇੰਡੀਆ ਸਿਨੇ ਇੰਪਲਾਈਜ਼ ਨੂੰ ਪੱਤਰ ਵੀ ਲਿਖਿਆ ਹੈ। ਮੀਕਾ ਸਿੰਘ ਨੇ ਪੱਤਰ ਵਿੱਚ ਉਨ੍ਹਾਂ ਨੇ ਬੇਨਤੀ ਕੀਤੀ ਹੈ ਕਿ ਇਸ ਮਾਮਲੇ ਵਿੱਚ ਕੋਈ ਰਾਏ ਬਣਾਉਣ ਤੋਂ ਪਹਿਲਾਂ ਇਕ ਵਾਰ ਉਨ੍ਹਾਂ ਦਾ ਪੱਖ ਵੀ ਸੁਣਿਆ ਜਾਵੇ। ਮੀਕਾ ਸਿੰਘ ਨੇ ਐਫ ਡਬਲਿਊ ਆਈ ਸੀ ਈ ਦੇ ਪ੍ਰਧਾਨ ਬੀ ਐਨ ਤਿਵਾੜੀ ਦੀ ਇਕ ਵੀਡੀਓ ਕਲਿੱਪ ਜਾਰੀ ਕੀਤੀ ਹੈ, ਜਿਸ ਵਿੱਚ ਉਹ ਕਹਿ ਰਹੇ ਹਨ ਕਿ ਸੰਗਠਨ ਨੂੰ ਮੀਕਾ ਸਿੰਘ ਦਾ ਪੱਤਰ ਮਿਲਿਆ ਹੈ। ਫਿਲਮ ਬਾਡੀ ਨੇ ਮੀਕਾ ਸਿੰਘ ਨੂੰ ਚਰਚਾ ਲਈ ਸੱਦਾ ਭੇਜਿਆ ਹੈ। ਵੀਡੀਓ 'ਚ ਕਿਹਾ ਗਿਆ ਕਿ ਮੀਕਾ ਸਿੰਘ ਨੇ ਪੱਤਰ 'ਚ ਕਿਹਾ ਹੈ ਕਿ ਉਹ ਸਾਰੀਆਂ ਚੀਜ਼ਾਂ ਲਈ ਸਹਿਮਤ ਹੋਣ ਲਈ ਤਿਆਰ ਹੈ, ਜੋ ਸੰਸਥਾ ਫੈਸਲਾ ਕਰਦੀ ਹੈ। ਆਪਣੇ ਪੱਤਰ 'ਚ ਮੀਕਾ ਨੇ ਕਿਹਾ ਕਿ ਜੇ ਮੈਂ ਕੁਝ ਗਲਤ ਕੀਤਾ ਹੈ ਤਾਂ ਮੈਂ ਦੇਸ਼ ਤੋਂ ਮੁਆਫੀ ਮੰਗਣ ਲਈ ਤਿਆਰ ਹਾਂ।

# ਐਪਸਟੀਨ ਨੇ ਪ੍ਰਿੰਸ ਐਂਡਰਿਊ ਨੂੰ ਵੀ ਪੇਸ਼ ਕੀਤੀਆਂ ਸੀ ਲੜਕੀਆਂ

ਨਵੀਂ ਦਿੱਲੀ, 20 ਅਗਸਤ (ਪੋਸਟ ਬਿਊਰੋ)- ਸੈਕਸ ਰੈਕੇਟ ਚਲਾਉਣ ਦੇ ਦੋਸ਼ੀ ਅਤੇ ਖੁਦਕੁਸ਼ੀ ਕਰ ਗਏ ਅਮਰੀਕੀ ਫਾਈਨਾਂਸਰ ਜੈਫਰੀ ਐਪਸਟੀਨ ਨੇ ਬ੍ਰਿਟੇਨ ਦੇ ਪ੍ਰਿੰਸ ਐਂਡਰਿਊ ਨੂੰ ਵੀ ਲੜਕੀਆਂ ਹਾਸਲ ਕਰਾਈਆਂ ਹਨ। ਮੀਡੀਆ ਵਿੱਚ ਸਾਹਮਣੇ ਆਈ ਇੱਕ ਫੋਟੋ ਨੇ ਇਸ ਪਾਸੇ ਇਸ਼ਾਰਾ ਕੀਤਾ ਹੈ। ਇਸ ਵਿੱਚ ਐਂਡਰਿਊ ਦਰਵਾਜ਼ੇ ਦੇ ਪਿੱਛਿਓਂ ਝਾਕ ਕੇ ਇੱਕ ਲੜਕੀ ਨਾਲ ਗੱਲ ਕਰਦਾ ਦਿੱਸ ਰਿਹਾ ਹੈ। 'ਇਨਸਾਈਡਰ' ਦੀ ਰਿਪੋਰਟ ਅਨੁਸਾਰ ਐਪਸਟੀਨ ਨੇ ਪ੍ਰਿੰਸ ਲਈ ਦੋ ਲੜਕੀਆਂ (ਵਰਜੀਨੀਆ ਜਿਫਰੇ ਅਤੇ ਜੋਹੰਨਾ ਜੋਬਰਰਗ) ਰੱਖੀਆਂ ਸਨ, ਜਿਨ੍ਹਾਂ ਨਾਲ ਪ੍ਰਿੰਸ ਨੇ ਸਰੀਰਕ ਸੰਬੰਧ ਬਣਾਏ ਸਨ। ਪਿੱਛੇ ਜਿਹੇ ਜਾਂਚ ਦੌਰਾਨ ਗਵਾਹੀ ਵਿੱਚ ਜੋਹੰਨਾ ਜੋਬਰਗ ਨੇ ਕੋਰਟ ਵਿੱਚ ਪੇਸ਼ ਕੀਤੇ ਦਸਤਾਵੇਜ਼ਾਂ ਨੂੰ ਖੋਲ੍ਹੇ ਜਾਣ ਸਮੇਂ ਇਸ ਦੀ ਪੁਸ਼ਟੀ ਕੀਤੀ। ਜੇਲ੍ਹ ਵਿੱਚ ਆਪਣੀ ਬੈਰਕ ਵਿੱਚ ਮ੍ਰਿਤਕ ਪਾਏ ਗਏ ਅਮਰੀਕਾ ਦੇ ਅਰਬਪਤੀ ਅਤੇ ਹਾਈ ਪ੍ਰੋਫਾਈਲ ਕੈਦੀ ਜੈਫਰੀ ਐਪਸਟੀਨ ਦੇ ਕੇਸ ਦੀ ਜਾਂਚ ਦੌਰਾਨ ਕੁਝ ਦਸਤਾਵੇਜ਼ ਉਜਾਗਰ ਹੋਏ ਹਨ। ਮੀਡੀਆ ਰਿਪੋਰਟ ਅਨੁਸਾਰ ਵਰਜੀਨੀਆ ਜਿਫਰੇ ਨਾਂਅ ਦੀ ਇੱਕ ਲੜਕੀ ਨੂੰ ਐਪਸਟੀਨ ਦੀ ਸਹਿਯੋਗੀ ਜਸਲੇਨ ਮੈਕਸਵੈਲ ਨੇ ਪ੍ਰਿੰਸ ਨਾਲ ਸੈਕਸ ਸੰਬੰਧ ਬਣਾਉਣ ਲਈ ਰੱਖਿਆ ਸੀ।

# ਦੁਨੀਆ ਭਰ ਦੀਆਂ 42 ਫੀਸਦੀ ਕੰਪਨੀਆਂ ਨੂੰ ਯੋਗ ਇੰਜੀਨੀਅਰ ਨਹੀਂ ਮਿਲ ਰਹੇ



ਨਵੀਂ ਦਿੱਲੀ, 20 ਅਗਸਤ (ਪੋਸਟ ਬਿਊਰੋ)- ਦੁਨੀਆ ਭਰ ਦੀਆਂ 42 ਫੀਸਦੀ ਕੰਪਨੀਆਂ ਨੂੰ ਯੋਗ ਇੰਜੀਨੀਅਰ ਨਹੀਂ ਮਿਲ ਰਹੇ, ਜਦ ਕਿ 20 ਫੀਸਦੀ ਕੰਪਨੀਆਂ ਨੇ ਕਿਸੇ ਇੰਜੀਨੀਅਰ ਦੇ ਅਹੁਦੇ ਨੂੰ ਭਰਨ ਵਿੱਚ ਲੱਗਣ ਵਾਲੇ ਸਮੇਂ ਨੂੰ ਸ਼ੁਰੂ ਦੀ ਚੁਣੌਤੀ ਦੱਸਿਆ ਹੈ। ਪ੍ਰਤਿਭਾ ਦਾ ਮੁੱਲਾਂਕਣ ਕਰਨ ਵਾਲੀ ਕੰਪਨੀ ਮਰਸਰਮੈਟਲ ਵੱਲੋਂ ਕੀਤੇ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ 32 ਫੀਸਦੀ ਕੰਪਨੀਆਂ ਕੋਲ ਭਰਤੀ ਪ੍ਰਕਿਰਿਆ ਦੇ ਸਾਰੇ ਪੜਾਅ ਵਿੱਚ ਮੁੱਲਾਂਕਣ ਦੇ ਪ੍ਰਭਾਵੀ ਤੌਰ ਤਰੀਕ ਅਪਣਾਉਣ ਦੇ ਲਈ ਉਪਕਰਣਾਂ ਦੇ ਬਾਰੇ ਪੂਰੀ ਜਾਣਕਾਰੀ ਨਹੀਂ ਹੈ।

ਟੈਕ ਹਾਇਰਿੰਗ ਐਂਡ ਟੈਕਨਾਲੋਜੀ ਅਡਾਪਸ਼ਨ ਟ੍ਰੈਂਡਸ 2019 ਸਿਰਲੇਖ ਵਾਲੇ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ 24 ਫੀਸਦੀ ਹਿੱਸਾ ਲੈਣ ਵਾਲਿਆਂ ਨੇ ਬਜਟ ਦੀ ਘਾਟ ਨੂੰ ਦੂਸਰਾ ਕਾਰਨ ਦੱਸਿਆ ਹੈ। ਮਰਸਰ, ਮੈਟਲ ਦੇ ਸੀ ਈ ਓ ਸਿਧਾਰਥ ਗੁਪਤਾ ਨੇ ਕਿਹਾ, ਕਿਉਂਕਿ ਹਰ ਕੋਈ ਆਟੋਮੇਸ਼ਨ 'ਤੇ ਸਵਾਰ ਹੋ ਰਿਹਾ ਹੈ, ਲਿਹਾਜ਼ਾ ਕੰਪਨੀਆਂ ਪ੍ਰਤਿਭਾਸ਼ਾਲੀ ਇੰਜੀਨੀਅਰਾਂ ਦੀ ਭਰਤੀ ਵਿੱਚ ਕਾਫੀ ਔਖ ਮਹਿਸੂਸ ਕਰ ਰਹੀ ਹੈ। ਇਹ ਜ਼ਿਆਦਾਤਰ ਤਕਨੀਕੀ ਪ੍ਰੇਰਿਤ ਸਰਵਸ਼੍ਰੇਸ਼ਠ ਪ੍ਰੰਪਰਾਵਾਂ ਦੇ ਬਾਰੇ ਘੱਟ ਗਿਆਨ ਅਤੇ ਮੰਗ ਤੇ ਸਪਲਾਈ ਵਿੱਚ ਵਧ ਰਹੇ ਅੰਤਰ ਦੇ ਕਾਰਨ ਹੈ। ਵੱਡੀ ਗੱਲ ਇਹ ਕਿ 12 ਫੀਸਦੀ ਕੰਪਨੀਆਂ ਕੋਲ ਯੋਗਤਾ ਮਾਪਣ ਦੀ ਕੋਈ ਰੂਪਰੇਖਾ ਨਹੀਂ ਹੈ ਅਤੇ ਲਗਭਗ 21 ਫੀਸਦੀ ਕੰਪਨੀਆਂ ਇੰਜੀਨੀਅਰਾਂ ਦੀ ਚੋਣ ਲਈ ਇੰਟਰਵਿਊ 'ਤੇ ਨਿਰਭਰ ਹੁੰਦੀਆਂ ਹਨ। ਸਿਰਫ 18 ਫੀਸਦੀ ਕੰਪਨੀਆਂ ਰਜਿਊਮੇ ਛਾਂਟਣ ਲਈ ਸਮਾਰਟ ਏ ਆਈ-ਆਧਾਰਤ ਤਕਨੀਕਾਂ ਦੀ ਵਰਤੋਂ ਕਰਦੀਆਂ ਹਨ। ਬਾਕੀ ਕੰਪਨੀਆਂ ਅਰਜ਼ੀਆਂ ਨੂੰ ਛਾਂਟਣ ਦੇ ਲਈ ਸਮਾਂ ਖਪਾਊ ਤਰੀਕਿਆਂ 'ਤੇ ਨਿਰਭਰ ਹੁੰਦੀਆਂ ਹਨ। ਇਸ ਤੋਂ ਨਾ ਕੇਵਲ ਵੱਧ ਸਮਾਂ ਲੱਗਦਾ ਹੈ, ਬਲਕਿ ਪੂਰੀ ਭਰਤੀ ਪ੍ਰਕਿਰਿਆ ਦੀ ਸਫਲਤਾ ਦਰ ਵੀ ਘਟ ਜਾਂਦੀ ਹੈ। ਇੰਜੀਨੀਅਰਾਂ ਦਾ ਮੁੱਲਾਂਕਣ ਕਰਦੇ ਸਮੇਂ 20 ਫੀਸਦੀ ਸੰਗਠਨਾਂ ਦੇ ਲਈ, ਜ਼ਰੂਰੀ ਤਕਨੀਕੀ ਕੌਸ਼ਲ ਵਿੱਚ ਨਿਪੁੰਨਤਾ ਚੋਟੀ ਦੇ ਮਾਪਦੰਡ ਵਿੱਚ ਸ਼ਾਮਲ ਹੁੰਦੀ ਹੈ।

## ਪਹਿਲਵਾਨ ਪੂਜਾ ਤੇ ਨਵਜੋਤ ਨੂੰ ਟਰਾਇਲਾਂ ਦੇ ਬਿਨਾਂ ਚੈਂਪੀਅਨਸ਼ਿਪ ਦੀ ਟਿਕਟ ਮਿਲੀ



ਪੂਜਾ ਢਾਂਡਾ

ਨਵੀਂ ਦਿੱਲੀ, 20 ਅਗਸਤ (ਪੋਸਟ ਬਿਊਰੋ)- ਉਲੰਪਿਕ ਭਾਰ ਵਰਗ ਵਿੱਚ ਜਗ੍ਹਾ ਪੱਕੀ ਕਰਨ ਤੋਂ ਨਾਕਾਮ ਰਹੀ ਮਹਿਲਾ ਪਹਿਲਵਾਨ ਪੂਜਾ ਢਾਂਡਾ ਅਤੇ ਨਵਜੋਤ ਕੌਰ ਨੇ ਕੱਲ੍ਹ ਲਖਨਊ ਵਿੱਚ ਟਰਾਇਲਾਂ ਲਈ ਮੈਟ ਉੱਤੇ ਉਤਰੇ ਬਿਨਾਂ ਹੀ ਵਿਸ਼ਵ ਚੈਂਪੀਅਨਸ਼ਿਪ ਦਾ ਟਿਕਟ ਹਾਸਲ ਕਰ ਲਿਆ।

ਵਰਨਣ ਯੋਗ ਹੈ ਕਿ ਉਲੰਪਿਕ ਭਾਰ ਵਰਗ ਦੇ ਟਰਾਇਲ ਪਹਿਲਾਂ ਹੋ ਚੁੱਕੇ ਹਨ ਅਤੇ ਕੱਲ੍ਹ ਗੈਰ ਉਲੰਪਿਕ ਵਰਗ ਦੇ ਟਰਾਇਲਾਂ ਵਿੱਚ ਪੂਜਾ ਨੇ 59 ਕਿਲੋਗ੍ਰਾਮ ਅਤੇ ਨਵਜੋਤ ਕੌਰ ਨੇ 65 ਕਿਲੋਗ੍ਰਾਮ ਭਾਰ ਵਰਗ 'ਚ ਜਗ੍ਹਾ ਪੱਕੀ ਕੀਤੀ। ਦੋਵਾਂ ਪਹਿਲਵਾਨਾਂ ਨੂੰ ਚੁਣੌਤੀ ਦੇਣ ਲਈ ਕੋਈ ਪਹਿਲਵਾਨ ਓਥੇ ਮੌਜੂਦ ਹੀ ਨਹੀਂ ਸੀ। ਭਾਰਤੀ ਕੁਸ਼ਤੀ ਐਸੋਸੀਏਸ਼ਨ ਨੇ ਅਨੁਸ਼ਾਸਹੀਣਤਾ ਦਾ ਦੋਸ਼ ਲਾਉਂਦੇ ਹੋਏ 25 ਪਹਿਲਵਾਨਾਂ ਉਤੇ ਪਾਬੰਦੀ ਲਾਈ ਹੋਈ ਹੈ, ਜਿਸ ਵਿੱਚ ਸੱਤ ਪਹਿਲਵਾਨਾਂ ਨੇ ਇਨ੍ਹਾਂ ਟਰਾਇਲਾਂ ਵਿੱਚ ਭਾਗ ਲੈਣਾ ਸੀ, ਪਰ 59 ਅਤੇ 65 ਕਿਲੋਗ੍ਰਾਮ ਭਾਰ ਵਰਗ ਵਿੱਚ ਦਾਅਵੇਦਾਰੀ ਲਈ ਕੋਈ ਹੋਰ ਪਹਿਲਵਾਨ ਮੌਜੂਦ ਨਹੀਂ ਸੀ। ਲਲਿਤਾ ਨੇ 55 ਕਿਲੋਗ੍ਰਾਮ ਭਾਰ ਵਰਗ ਦਾ ਟਿਕਟ ਪੱਕਾ ਕੀਤਾ ਹੈ। ਉਨ੍ਹਾਂ ਨੂੰ ਪਹਿਲੇ ਦੌਰ ਵਿੱਚ ਬਾਈ ਮਿਲੀ, ਜਿਸ ਮਗਰੋਂ ਉਸ ਨੇ ਮੀਨਾਕਸ਼ੀ ਨੂੰ 9-1 ਨਾਲ ਕਰਾਰੀ ਹਾਰ ਦਿੱਤੀ। ਮੀਨਾਕਸ਼ੀ ਨੇ ਆਪਣੇ ਪਹਿਲੇ ਮੁਕਾਬਲੇ ਵਿੱਚ ਕਿਰਨ ਨੂੰ 5-0 ਨਾਲ ਹਰਾਇਆ ਸੀ। ਕੋਮਲ ਨੇ ਨਿੱਕੀ ਨੂੰ ਹਰਾ ਕੇ 72 ਕਿਲੋਗ੍ਰਾਮ ਭਾਰ ਵਰਗ ਵਿੱਚ ਜਗ੍ਹਾ ਪੱਕੀ ਕੀਤੀ ਹੈ। ਵਿਸ਼ਵ ਚੈਂਪੀਅਨਸ਼ਿਪ 14 ਸਤੰਬਰ ਤੋਂ 22 ਸਤੰਬਰ ਤੱਕ ਕਜ਼ਾਕਿਸਤਾਨ ਵਿੱਚ ਹੋਵੇਗੀ।

ਇਮਰਾਨ ਦੀ ਸਾਬਕਾ ਪਤਨੀ ਨੇ ਕਿਹਾ:

## ਕਸ਼ਮੀਰ ਬਾਰੇ ਮੋਦੀ ਅੱਗੇ ਝੁਕ ਗਿਆ ਪਾਕਿ ਦਾ ਪ੍ਰਧਾਨ ਮੰਤਰੀ



ਇਸਲਾਮਾਬਾਦ, 20 ਅਗਸਤ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਤੋਂ ਧਾਰਾ 370 ਦੇ ਕਈ ਹਿੱਸੇ ਹਟਾਉਣ ਤੇ ਇਸ ਰਾਜ ਨੂੰ ਦੋ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਵੰਡਣ ਦੇ ਭਾਰਤ ਸਰਕਾਰ ਦੇ ਫੈਸਲੇ ਤੋਂ ਪਾਕਿਸਤਾਨ ਦੀ ਸਰਕਾਰ ਕਸੂਤੀ ਫਸ ਗਈ ਹੈ। ਇਸ ਬਾਰੇ ਪਾਕਿਸਤਾਨ ਦੁਨੀਆ ਭਰ ਵਿਚ ਮੁੱਦਾ ਉਠਾ ਰਿਹਾ ਹੈ ਤੇ ਇਸ ਨੂੰ ਭਾਰਤ ਵਿਰੁੱਧ ਵਰਤਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਉਸ ਨੂੰ ਕਿਤੇ ਵੀ ਸਫਲਤਾ ਨਹੀਂ ਮਿਲ ਰਹੀ।

ਇਸ ਦੌਰਾਨ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਾਬਕਾ ਪਤਨੀ ਰੇਹਾਮ ਖਾਨ ਨੇ ਜੰਮੂ ਕਸ਼ਮੀਰ ਬਾਰੇ ਸਨਸਨੀਖੇਜ਼ ਖੁਲਾਸਾ ਕੀਤਾ ਹੈ, ਜਿਸ ਨਾਲ ਪਾਕਿਸਤਾਨ ਦੇ ਇਮਰਾਨ ਖਾਨ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਰੇਹਾਮ ਖਾਨ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਉੱਤੇ ਦੋਸ਼ ਲਾਇਆ ਹੈ ਕਿ ਇਮਰਾਨ ਖਾਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੁਪਤ ਸਮਝੌਤਾ ਕੀਤਾ ਹੈ। ਰੇਹਾਮ ਦਾ ਦਾਅਵਾ ਹੈ ਕਿ ਇਹ ਸੌਦਾ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਖੁਸ਼ ਕਰਨ ਲਈ ਕੀਤਾ ਹੈ। ਇਸ ਕਾਰਨ ਇਮਰਾਨ ਖਾਨ ਇਸ ਬਾਰੇ ਕੋਈ ਠੋਸ ਕਦਮ ਨਹੀਂ ਚੁੱਕ ਰਹੇ।

ਖਲੀਜ਼ ਟਾਈਮਜ਼ ਦੀ ਰਿਪੋਰਟ ਅਨੁਸਾਰ ਰੇਹਾਮ ਨੇ ਕਿਹਾ: ਸਾਨੂੰ ਸ਼ੁਰੂ ਤੋਂ ਸਿਖਾਇਆ ਗਿਆ ਕਿ ਕਸ਼ਮੀਰ ਪਾਕਿਸਤਾਨ ਬਣ ਜਾਵੇਗਾ, ਪਰ ਮੈਂ ਕਹਾਂਗੀ ਕਿ ਕਸ਼ਮੀਰ ਵਿਕ ਗਿਆ ਹੈ। ਰੇਹਾਮ ਨੇ ਕਿਹਾ ਕਿ 5 ਅਗਸਤ ਨੂੰ ਭਾਰਤ ਦੇ ਫੈਸਲੇ ਤੋਂ ਬਾਅਦ ਮੈਨੂੰ ਆਪਣੀ ਟੀਮ ਦੇ ਮੈਂਬਰ ਦਾ ਫੋਨ ਆਇਆ ਕਿ ਮੈਮ, ਤੁਸੀਂ ਜੋ ਕਿਹਾ, ਉਹ ਸੱਚ ਹੋ ਰਿਹਾ ਹੈ। ਇਸ ਉੱਤੇ ਰੇਹਾਮ ਨੇ ਜਵਾਬ ਦਿੱਤਾ ਕਿ ਕ੍ਰਿਪਾ ਕਰਕੇ ਪ੍ਰਾਰਥਨਾ ਕਰੋ ਕਿ ਅਜਿਹਾ ਨਾ ਹੋਵੇ। ਰੇਹਾਮ ਨੇ ਕਿਹਾ ਕਿ ਮੈਂ ਇਹ ਗੱਲ ਪਿਛਲੇ ਸਾਲ ਅਗਸਤ ਵਿਚ ਕਹੀ ਸੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੋ ਕਰਨਾ ਚਾਹੀਦਾ ਸੀ, ਉਹ ਆਰਟੀਕਲ 370 ਨੂੰ ਹਟਾਉਣਾ ਸੀ। ਉਨ੍ਹਾ ਨੇ ਉਹੀ ਕੀਤਾ ਜਿਸ ਦੇ ਲਈ ਲੋਕਾਂ ਨੇ ਉਹਨਾਂ ਨੂੰ ਭਾਰੀ ਬਹੁਮਤ ਨਾਲ ਸੱਤਾ ਵਿਚ ਲਿਆਂਦਾ ਸੀ। ਉਸ ਨੇ ਅੱਗੇ ਕਿਹਾ, ਤੁਹਾਡੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਜਿਸ ਦਿਨ ਕਸ਼ਮੀਰ ਬਾਰੇ ਨੀਤੀਗਤ ਬਿਆਨ ਦੇਣਾ ਸੀ, ਉਸ ਦਿਨ ਉਨ੍ਹਾਂ ਕਿਹਾ ਕਿ ਮੈਨੂੰ ਪਤਾ ਸੀ ਕਿ ਮੋਦੀ ਏਦਾਂ ਕਰਨ ਵਾਲੇ ਹਨ। ਇਮਰਾਨ ਨੇ ਕਿਹਾ ਕਿ ਮੈਂ ਉਦੋਂ ਤੋਂ ਜਾਣਦਾ ਹਾਂ, ਜਦੋਂ ਮੇਰੀ ਉਨ੍ਹਾਂ ਨਾਲ ਮੁਲਾਕਾਤ ਬਿਸ਼ਕੇਕ ਵਿਚ ਹੋਈ ਤੇ ਉਹ ਮੇਰੇ ਪ੍ਰਤੀ ਸਖਤ ਸਨ। ਮੈਂ ਉਦੋਂ ਤੋਂ ਜਾਣਦਾ ਸੀ, ਜਦੋਂ ਪੁਲਵਾਮਾ ਉੱਤੇ ਹਮਲਾ ਹੋਇਆ ਸੀ। ਰੇਹਾਮ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਪਤਾ ਸੀ ਕਿ ਇਹ ਹੋਣ ਵਾਲਾ ਹੈ ਤਾਂ ਮੋਦੀ ਪ੍ਰਤੀ ਦੋਸਤੀ ਦਾ ਹੱਥ ਕਿਉਂ ਵਧਾਇਆ।

# ਰੂਸ ਅਤੇ ਅਮਰੀਕਾ ਫਿਰ ਹਥਿਆਰਾਂ ਦੀ ਦੌੜ ਵਿੱਚ ਸ਼ਾਮਲ

ਵਾਸ਼ਿੰਗਟਨ, 20 ਅਗਸਤ (ਪੋਸਟ ਬਿਊਰੋ)- ਮੱਧਮ ਦੂਰੀ ਐਟਮੀ ਸੰਧੀ ਤੋਂ ਹਟਦੇ ਸਾਰ ਅਮਰੀਕਾ ਨੇ ਪਹਿਲੀ ਵਾਰ ਰਵਾਇਤੀ ਤੌਰ ਉੱਤੇ ਇਕ ਕਰੂਜ਼ ਮਿਜ਼ਾਈਲ ਦਾ ਪ੍ਰੀਖਣ ਕੀਤਾ ਹੈ। ਅਮਰੀਕਾ ਦੇ ਫੌਜੀ ਹੈੱਡ ਕੁਆਰਟਰ ਪੈਂਟਾਗਨ ਨੇ ਸੋਮਵਾਰ ਨੂੰ ਇਸ ਪ੍ਰੀਖਣ ਦੇ ਹੋਣ ਦੀ ਪੁਸ਼ਟੀ ਕੀਤੀ ਹੈ ਕਿ ਉਸ ਨੇ 500 ਕਿਲੋਮੀਟਰ ਤੋਂ ਵੱਧ ਰੇਂਜ ਵਾਲੀ ਮਿਜ਼ਾਈਲ ਦਾ ਪ੍ਰੀਖਣ ਕੀਤਾ ਹੈ। ਇਸ ਪ੍ਰੀਖਣ ਦੇ ਭਿਆਨਕ ਸਿੱਟੇ ਹੋ ਸਕਦੇ ਹਨ ਅਤੇ ਫਿਰ ਦੁਨੀਆ ਵਿੱਚ ਹਥਿਆਰਾਂ ਦੀ ਦੌੜ ਸ਼ੁਰੂ ਹੋ ਸਕਦੀ ਹੈ।

ਕੱਲ੍ਹ ਸੋਮਵਾਰ ਨੂੰ ਪੈਂਟਾਗਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਹ ਪ੍ਰੀਖਣ ਐਤਵਾਰ ਨੂੰ ਕੈਲੀਫੋਰਨੀਆ ਦੇ ਸੈਨ ਨਿਕੋਲਸ ਟਾਪੂ ਉੱਤੇ ਹੋਇਆ। ਇਸ ਵਿੱਚ ਮਿਜ਼ਾਈਲ ਨੂੰ ਧਰਤੀ ਦੀ ਸਤ੍ਹਾ ਤੋਂ ਲਾਂਚ ਕੀਤਾ ਸੀ, ਜਿਸ ਦੀ ਮਾਰੂ ਸਮਰੱਥਾ 500 ਕਿਲੋਮੀਟਰ ਹੈ। ਅਮਰੀਕਾ ਦਾ ਦਾਅਵਾ ਹੈ ਕਿ ਉਸ ਦਾ ਇਹ ਪ੍ਰੀਖਣ ਸਫ਼ਲ ਰਿਹਾ ਹੈ। ਮਿਜ਼ਾਈਲ ਮਿਥੇ ਸਮੇਂ ਵਿੱਚ ਇਹ ਦੂਰੀ ਤੈਅ ਕਰ ਕੇ ਆਪਣੇ ਟੀਚੇ ਨੂੰ ਵਿੰਨ੍ਹਣ ਵਿੱਚ ਸਫ਼ਲ ਰਹੀ ਹੈ।



ਬੀਤੀ ਦੋ ਅਗਸਤ ਨੂੰ ਅਮਰੀਕਾ ਨੇ ਰੂਸ ਨਾਲ ਮੱਧਮ ਦੂਰੀ ਐਟਮੀ ਸ਼ਕਤੀ ਸੰਧੀ ਤੋਂ ਖ਼ੁਦ ਨੂੰ ਵੱਖ ਕਰਨ ਦਾ ਐਲਾਨ ਕੀਤਾ ਸੀ। ਉਸ ਦੇ ਇਸ ਐਲਾਨ ਦੇ ਅਗਲੇ ਦਿਨ ਰੂਸ ਨੇ ਵੀ ਸੰਧੀ ਤੋਂ ਹਟਣ ਦਾ ਐਲਾਨ ਕਰ ਦਿੱਤਾ। ਇਸ ਤੋਂ ਵੱਖ ਹੋਣ ਪਿੱਛੇ ਅਮਰੀਕਾ ਦਾ ਤਰਕ ਸੀ ਕਿ ਰੂਸ ਲਗਾਤਾਰ ਸੰਧੀ ਦੀ ਉਲੰਘਣਾ ਕਰ ਰਿਹਾ ਹੈ। ਅਮਰੀਕਾ ਨੇ ਕਿਹਾ ਕਿ ਜਦੋਂ ਤਕ ਰੂਸ ਮੱਧਮ ਦੂਰੀ ਦੀਆਂ ਬੈਲਿਸਟਿਕ ਮਿਜ਼ਾਈਲਾਂ ਬਣਾਉਂਦਾ ਰਹੇਗਾ, ਉਦੋਂ ਤਕ ਅਮਰੀਕਾ ਇਸ ਸੰਧੀ ਦਾ ਪਾਲਣ ਨਹੀਂ ਕਰੇਗਾ ਅਤੇ ਉਹ ਜ਼ਮੀਨ ਤੋਂ ਵਾਰ ਕਰਨ ਵਾਲੀਆਂ ਮਿਜ਼ਾਈਲਾਂ ਦਾ ਪ੍ਰੀਖਣ ਕਰੇਗਾ।

ਵਿਸ਼ਵ ਦੀਆਂ ਦੋ ਮਹਾਂਸ਼ਕਤੀਆਂ ਰੂਸ ਅਤੇ ਅਮਰੀਕਾ ਨੇ 9 ਦਸੰਬਰ 1989 ਨੂੰ ਸ਼ਾਂਤੀ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਕੀਤੀ ਸੀ। ਅਮਰੀਕਾ ਅਤੇ ਸਾਬਕਾ ਸੋਵੀਅਤ ਰਾਜ ਰੂਸ ਨੇ ਮੱਧਮ ਦੂਰੀ ਦੀਆਂ ਐਟਮੀ ਮਿਜ਼ਾਈਲਾਂ ਖ਼ਤਮ ਕਰਨ ਲਈ ਇਕ ਐਟਮੀ ਸ਼ਕਤੀ ਸੰਧੀ ਉੱਤੇ ਦਸਤਖ਼ਤ ਕੀਤੇ ਸਨ। ਇਸ ਸਮਝੌਤੇ ਪਿੱਛੋਂ ਤੋਂ ਦੁਨੀਆ ਵਿੱਚ ਖਾਨਾਜੰਗੀ ਦਾ ਦੌਰ ਸਮਾਪਤ ਹੋਣ ਦੇ ਸੰਕੇਤ ਮਿਲੇ ਸਨ। ਵਿਨਾਸ਼ਕਾਰੀ ਹਥਿਆਰਾਂ ਦੀ ਦੌੜ ਉੱਤੇ ਬ੍ਰੇਕ ਲੱਗਣ ਲਈ ਦੋਵਾਂ ਦੇਸ਼ਾਂ ਨੇ ਸਾਂਝੇ ਯਤਨ ਕੀਤੇ ਸਨ, ਪਰ ਇਹ ਦੌਰ ਖਤਮ ਹੁੰਦਾ ਜਾਪਦਾ ਹੈ।

## ਮਲੇਸ਼ੀਆ ਵਿੱਚ ਜ਼ਾਕਿਰ ਨਾਇਕ ਦੇ ਉਪਦੇਸ਼ ਦੇਣ ਉੱਤੇ ਪਾਬੰਦੀ ਅਜੇ ਵੀ ਜਾਰੀ

ਕੁਆਲਾਲੰਪੁਰ, 20 ਅਗਸਤ (ਪੋਸਟ ਬਿਊਰੋ)- ਇਸਲਾਮਿਕ ਪ੍ਰਚਾਰਕ ਜ਼ਾਕਿਰ ਨਾਇਕ ਦੇ ਵਿਵਾਦਿਤ ਉਪਦੇਸ਼ਾਂ 'ਤੇ ਪਾਬੰਦੀ ਲਾਉਣ ਵਾਲਾ ਮੇਲਾਕਾ ਮਲੇਸ਼ੀਆ ਦਾ ਸੱਤਵਾਂ ਰਾਜ ਬਣ ਗਿਆ ਹੈ। ਇਕ ਦਿਨ ਪਹਿਲਾ ਮਲੇਸ਼ੀਆਈ ਸਰਕਾਰ ਨੇ ਉਨ੍ਹਾਂ ਨੂੰ ਨਸਲੀ ਰਾਜਨੀਤੀ ਵਿੱਚ ਹਿੱਸਾ ਲੈਣ ਦੀ ਰੋਕ ਲਾਈ ਸੀ, ਉਸ ਪਿੱਛੋਂ ਇਹ ਕਦਮ ਚੁੱਕਿਆ ਗਿਆ ਹੈ।

ਵਰਨਣ ਯੋਗ ਹੈ ਕਿ ਜ਼ਾਕਿਰ ਨਾਇਕ ਨੂੰ ਭਾਰਤ ਸਰਕਾਰ ਨੇ ਆਪਰਾਧਿਕ ਭਗੌੜਾ ਐਲਾਨ ਕਰ ਦਿੱਤਾ ਸੀ, ਜਿਸ ਦੇ ਬਾਅਦ ਉਹ ਮਲੇਸ਼ੀਆ ਦੀ ਸ਼ਰਨ ਵਿੱਚ ਹੈ। ਉਸ 'ਤੇ ਕਾਲੇ ਧਨ ਨੂੰ ਜਾਇਜ਼ ਬਣਾਉਣ ਦਾ ਦੋਸ਼ ਹੈ।



ਮਲੇਸ਼ੀਆ ਦੇ ਅਧਿਕਾਰੀਆਂ ਨੇ ਪਿਛਲੇ ਸਾਲ ਭਾਰਤ ਦੀ ਬੇਨਤੀ ਦੇ ਬਾਵਜੂਦ ਜ਼ਾਕਿਰ ਦੀ ਹਵਾਲਗੀ ਤੋਂ ਇਨਕਾਰ ਕਰ ਦਿੱਤਾ ਸੀ। ਮੇਲਾਕਾ ਦੇ ਇਲਾਵਾ ਛੇ ਹੋਰ ਰਾਜਾਂ ਜੋਹੋਰ, ਸੇਲੰਗੋਰ, ਪੇਨਾਂਗ, ਕੇਦਾਹ, ਪਰਲਿਸ ਅਤੇ ਸਰਵਾਕ ਨੇ ਜਨਤਕ ਰੂਪ ਨਾਲ ਜ਼ਾਕਿਰ ਨਾਇਕ ਦੇ ਧਾਰਮਿਕ ਉਪਦੇਸ਼ਾਂ 'ਤੇ ਪਾਬੰਦੀ ਲਾ ਰੱਖੀ ਹੈ। ਮਲੇਸ਼ੀਆਈ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੇ 16 ਅਗਸਤ ਨੂੰ ਕਿਹਾ ਸੀ ਕਿ ਜੇ ਜਾਂਚ ਵਿੱਚ ਜ਼ਾਕਿਰ ਦੇ ਉਪਦੇਸ਼ਾਂ ਵਿੱਚ ਦੇਸ਼ ਵਿੱਚ ਧਾਰਮਿਕ ਨਫਰਤ ਵਰਗਾ ਕੁਝ ਪਾਇਆ ਗਿਆ ਤਾਂ ਉਨ੍ਹਾਂ ਦਾ ਸਥਾਈ ਨਿਵਾਸੀ ਦਾ ਦਰਜਾ ਖਤਮ ਕਰ ਦਿੱਤਾ ਜਾਵੇਗਾ। ਜ਼ਾਕਿਰ ਨੂੰ ਸਾਲ 2015 ਵਿੱਚ ਸਥਾਈ ਨਿਵਾਸੀ ਦਾ ਦਰਜਾ ਮਿਲਿਆ ਸੀ। ਮਲੇਸ਼ੀਆਈ ਅਧਿਕਾਰੀਆਂ ਨੇ ਜ਼ਾਕਿਰ ਨਾਇਕ ਨੂੰ ਹਿੰਦੂਆਂ ਅਤੇ ਚੀਨੀਆਂ ਦੇ ਖਿਲਾਫ ਕਥਿਤ ਨਸਲੀ ਟਿੱਪਣੀ ਕਰਨ ਦੇ ਮਾਮਲੇ ਵਿੱਚ ਦੂਸਰੀ ਵਾਰ ਤਲਬ ਕੀਤਾ ਹੈ। ਖਬਰ ਵਿੱਚ ਦੱਸਿਆ ਗਿਆ ਕਿ 53 ਸਾਲਾ ਉਪਦੇਸ਼ਕ ਨੇ ਪਹਿਲੀ ਵਾਰ 16 ਅਗਸਤ ਨੂੰ ਹੀ ਪੁੱਛਗਿੱਛ ਕੀਤੀ ਗਈ।

## ਕਸ਼ਮੀਰ ਨੂੰ ਅਫਗਾਨ ਵਾਲੀ ਅਮਨ ਗੱਲਬਾਤ ਨਾਲ ਜੋੜਨਾ ਗੈਰ ਜ਼ਿੰਮੇਵਾਰਨਾ: ਅਫਗਾਨ ਦੂਤ



ਵਾਸ਼ਿੰਗਟਨ, 20 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਨੇ ਪਾਕਿਸਤਾਨ ਵੱਲੋਂ ਕਸ਼ਮੀਰ ਮਸਲੇ ਨੂੰ ਅਫਗਾਨ ਸ਼ਾਂਤੀ ਅਮਲ ਨਾਲ ਜੋੜਨ ਨੂੰ 'ਲਾਪਰਵਾਹੀ ਤੇ ਗੈਰ ਜ਼ਿੰਮੇਵਾਰਨਾ' ਯਤਨ ਕਰਾਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਵਿੱਚ ਇਸਲਾਮਾਬਾਦ ਦੇ ਦੂਤ ਅਸਦ ਮਜੀਦ ਖਾਨ ਨੇ ਪਿਛਲੇ ਹਫਤੇ 'ਦਿ ਨਿਊ ਯਾਰਕ ਟਾਈਮਜ਼' ਨੂੰ ਕਿਹਾ ਸੀ ਕਿ ਗੁਆਂਢੀ ਦੇਸ਼ ਭਾਰਤ ਨਾਲ ਸਬੰਧਾਂ 'ਚ ਜਾਰੀ ਤਲਖੀ ਕਰਕੇ ਪਾਕਿਸਤਾਨ ਅਫਗਾਨ ਸਰਹੱਦ 'ਤੇ ਤਾਇਨਾਤ ਸਲਾਮਤੀ ਦਸਤਿਆਂ ਨੂੰ ਕਸ਼ਮੀਰ ਫਰੰਟ 'ਤੇ ਤਾਇਨਾਤ ਕਰ ਸਕਦਾ ਹੈ। ਪਾਕਿਸਤਾਨੀ ਦੂਤ ਦੇ ਇਸ 'ਗੁੰਮਰਾਹਕੁਨ' ਬਿਆਨ ਨੂੰ ਸਿਰੇ ਤੋਂ ਰੱਦ ਕਰਦਿਆਂ ਅਫਗਾਨਿਸਤਾਨ ਦੇ ਅਮਰੀਕਾ ਵਿੱਚ ਦੂਤ ਰੋਯਾ ਰਹਿਮਾਨੀ ਨੇ ਕਿਹਾ, 'ਅਜਿਹਾ ਕੋਈ ਵੀ ਬਿਆਨ, ਜੋ ਕਸ਼ਮੀਰ ਦੇ ਮੌਜੂਦਾ ਹਾਲਾਤ ਨੂੰ ਅਫਗਾਨ ਸ਼ਾਂਤੀ ਅਮਲ ਨਾਲ ਜੋੜਦਾ ਹੈ, ਲਾਪਰਵਾਹੀ ਵਾਲਾ, ਅਣਉਚਿਤ ਤੇ ਗੈਰਜ਼ਿੰਮੇਵਾਰਨਾ ਹੈ।' ਰਹਿਮਾਨੀ ਨੇ ਕਿਹਾ, 'ਅਫਗਾਨਿਸਤਾਨ ਅਜਿਹੇ ਕਿਸੇ ਵੀ ਬਿਆਨ ਦੀ ਨਿਖੇਧੀ ਕਰਦਾ ਹੈ।' ਅਫਗਾਨ ਦੂਤ ਨੇ ਕਿਹਾ ਕਿ ਕਸ਼ਮੀਰ ਦੋਵਾਂ ਦੇਸ਼ਾਂ (ਭਾਰਤ ਅਤੇ ਪਾਕਿਸਤਾਨ) ਦਾ 'ਦੁਵੱਲਾ ਮਸਲਾ' ਹੈ ਤੇ ਪਾਕਿਸਤਾਨ ਅਜਿਹੇ ਬਿਆਨ ਦੇ ਕੇ ਅਫਗਾਨ ਸਰਜ਼ਮੀਨ 'ਤੇ ਹਿੰਸਾ ਦੀਆਂ ਕਾਰਵਾਈਆਂ ਨੂੰ ਲਮਕਾਉਣ ਦੇ ਇਰਾਦੇ ਨੂੰ ਭਲੀਭਾਂਤ ਜਾਣਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦਹਿਸ਼ਤੀ ਜਥੇਬੰਦੀ ਤਾਲਿਬਾਨ ਖਿਲਾਫ ਫੈਸਲਾਕੁੰਨ ਕਾਰਵਾਈ ਤੋਂ ਬਚਣ ਲਈ ਕਸ਼ਮੀਰ ਜਿਹੇ ਬਹਾਨੇ ਘੜ ਰਿਹੈ।

## ਅਮਰੀਕੀ ਅਰਥ ਸ਼ਾਸਤਰੀਆਂ ਨੂੰ ਸਾਲ 2020-21 ਵਿੱਚ ਮੰਦੀ ਹੋਣ ਦਾ ਸ਼ੱਕ

ਵਾਸ਼ਿੰਗਟਨ, 20 ਅਗਸਤ (ਪੋਸਟ ਬਿਊਰੋ)- ਅਗਲੇ ਇਕ ਸਾਲ 'ਚ ਪੂਰੇ ਵਿਸ਼ਵ 'ਚ ਸਭ ਤੋਂ ਖਤਰਨਾਕ ਕੌਮਾਂਤਰੀ ਮੰਦੀ ਆ ਸਕਦੀ ਹੈ। ਇਹ ਮੰਦੀ 2008 ਤੋਂ ਵੱਧ ਖਤਰਨਾਕ ਹੋਵੇਗੀ, ਜਿਸ ਦੇ ਸ਼ੁਰੂ ਹੋਣ ਦੀ ਕਈ ਜਗ੍ਹਾ ਤੋਂ ਆਹਟ ਮਿਲਣ ਲੱਗੀ ਹੈ। ਬੈਂਕ ਆਫ ਅਮੈਰਿਕਾ ਲਿੰਚ ਨੇ ਆਪਣੀ ਇਕ ਰਿਪੋਰਟ 'ਚ ਇਹ ਖੁਲਾਸਾ ਕੀਤਾ ਹੈ।



ਬੈਂਕ ਆਫ ਅਮੈਰਿਕਾ ਨੇ ਵਿਸ਼ਵ ਦੇ ਕਈ ਵੱਡੇ ਫੰਡ ਮੈਨੇਜਰਸ ਵਿਚਾਲੇ ਇਕ ਸਰਵੇਖਣ ਦੋ ਤੋਂ ਅੱਠ ਅਗਸਤ ਦਰਮਿਆਨ ਕੀਤਾ ਸੀ। ਇਸ ਸਰਵੇਖਣ ਵਿੱਚ 34 ਫੀਸਦੀ ਫੰਡ ਮੈਨੇਜਰਸ ਨੇ ਮੰਨਿਆ ਹੈ ਕਿ ਅਗਲੇ ਇਕ ਸਾਲ 'ਚ ਵੱਡੀ ਮੰਦੀ ਆ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਚਿਤਾਵਨੀ ਦੇ ਲਹਿਜ਼ੇ ਨਾਲ ਕਿਹਾ ਹੈ ਕਿ ਜੇ ਉਹ ਫਿਰ ਤੋਂ ਰਾਸ਼ਟਰਪਤੀ ਨਹੀਂ ਚੁਣੇ ਜਾਂਦੇ ਤਾਂ ਦੇਸ਼ 'ਚ ਆਰਥਿਕ ਸੰਕਟ ਦੀ ਸਥਿਤੀ ਪੈਦਾ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਨਿੱਜੀ ਰੂਪ 'ਚ ਪਸੰਦ ਨਾ ਕਰਨ ਵਾਲਿਆਂ ਨੂੰ ਵੀ ਦੇਸ਼ ਦੀ ਮਜਬੂਤ ਸਥਿਤੀ ਅਤੇ ਘੱਟ ਬੇਰੁਜ਼ਗਾਰੀ ਲਈ ਉਨ੍ਹਾਂ ਦੇ ਹੱਕ 'ਚ ਵੋਟ ਪਾਉਣੀ ਚਾਹੀਦੀ ਹੈ। ਬਦਲਦੇ ਹਾਲਾਤ 'ਚ ਆਗਾਮੀ ਚੋਣਾਂ ਤੋਂ ਪਹਿਲਾਂ ਅਰਥ ਵਿਵਸਥਾ ਦੀ ਸਥਿਤੀ ਸ਼ਾਇਦ ਚੰਗੀ ਨਾ ਰਹੇ, ਇਸ ਕਾਰਨ ਟਰੰਪ ਦੀ ਚਿੰਤਾ ਵਧ ਰਹੀ ਹੈ। ਅਮਰੀਕਾ ਦੇ ਵਿੱਤੀ ਬਾਜ਼ਾਰਾਂ ਤੋਂ ਦੇਸ਼ ਦੀ ਮੰਦੀ ਦੀਆਂ ਕਈ ਸੰਭਾਵਨਾਵਾਂ ਕਾਰਨ ਨਿਵੇਸ਼ਕਾਂ, ਕੰਪਨੀਆਂ ਅਤੇ ਉਪਭੋਗਤਾਵਾਂ 'ਚ ਬੇਚੈਨੀ ਦਾ ਮਾਹੌਲ ਹੈ।

## ਪਾਕਿ ਵੱਲੋਂ ਭਾਰਤ ਦਾ ਉੱਪ ਹਾਈ ਕਮਿਸ਼ਨਰ ਤਲਬ

ਅੰਮ੍ਰਿਤਸਰ, 20 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਨੇ ਕੰਟਰੋਲ ਰੇਖਾ 'ਤੇ ਭਾਰਤੀ ਫੌਜ ਵੱਲੋਂ ਕਥਿਤ ਤੌਰ 'ਤੇ ਕੀਤੀ ਗਈ ਜੰਗਬੰਦੀ ਦੀ ਉਲੰਘਣਾ ਬਾਰੇ ਕੱਲ੍ਹ ਇਸਲਾਮਾਬਾਦ ਵਿਚਲੇ ਭਾਰਤੀ ਡਿਪਟੀ ਹਾਈ ਕਮਿਸ਼ਨਰ ਗੌਰਵ ਆਹਲੂਵਾਲੀਆ ਨੂੰ ਤਲਬ ਕੀਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ 14, 15 ਅਤੇ 16 ਅਗਸਤ ਨੂੰ ਕਥਿਤ ਤੌਰ ਉਤੇ ਭਾਰਤੀ ਫੌਜ ਵੱਲੋਂ ਕੀਤੀ ਗਈ ਜੰਗਬੰਦੀ ਦੀ ਉਲੰਘਣਾ ਲਈ ਤਲਬ ਕੀਤਾ ਗਿਆ ਸੀ। ਬੁਲਾਰੇ ਮੁਹੰਮਦ ਫੈਸਲ ਨੇ ਐਲ ਓ ਸੀ ਦੇ ਨਾਲ ਲੱਗਦੇ ਹੋਟ ਸਪਰਿੰਗ ਅਤੇ ਚਿਰੀਕੋਟ ਸੈਕਟਰਾਂ 'ਚ ਭਾਰਤੀ ਫੌਜ ਵੱਲੋਂ ਬੀਤੇ ਦਿਨ 18 ਅਗਸਤ ਨੂੰ ਬਿਨਾ ਕਿਸੇ ਕਾਰਨ ਕੀਤੀ ਗਈ ਜੰਗਬੰਦੀ ਦੀ ਉਲੰਘਣਾ ਦੀ ਨਿੰਦਾ ਕੀਤੀ।

## 31 ਅਕਤੂਬਰ ਪਿੱਛੋਂ ਯੂਰਪੀਅਨ ਲੋਕਾਂ ਦੇ ਯੂ ਕੇ ਵਿੱਚ ਰਹਿਣ ਤੇ ਕੰਮ ਕਰਨ ਦੀ ਖੁੱਲ੍ਹ ਖਤਮ



ਲੰਡਨ, 20 ਅਗਸਤ (ਪੋਸਟ ਬਿਊਰੋ)- ਤਾਜ਼ਾ ਰਿਪੋਰਟਾਂ ਅਨੁਸਾਰ ਜੇ ਮਿਤੀ ਗਈ 31 ਅਕਤੂਬਰ ਨੂੰ ਯੂ ਕੇ ਬਿਨਾਂ ਕਿਸੇ ਸਮਝੌਤੇ ਦੇ ਨੋ ਡੀਲ ਨਾਲ ਯੂਰਪੀ ਯੂਨੀਅਨ ਤੋਂ ਵੱਖ ਹੋ ਜਾਂਦਾ ਹੈ ਤਾਂ 'ਫਰੀਡਮ ਆਫ ਮੂਮੈਂਟ ਨਿਯਮ' ਤੁਰੰਤ ਖਤਮ ਕਰ ਦਿੱਤਾ ਜਾਵੇਗਾ, ਮਤਲਬ ਕਿ ਯੂ ਕੇ ਵਿੱਚ ਰਹਿਣ ਵਾਲੇ ਯੂਰਪੀ ਲੋਕਾਂ ਨੂੰ 'ਰਹਿਣ ਅਤੇ ਕੰਮ ਕਰਨ' ਦੇ ਮਿਲੇ ਅਧਿਕਾਰ ਉਸੇ ਸਮੇਂ ਖਤਮ ਹੋ ਜਾਣਗੇ।

ਥੈਰੇਸਾ ਮੇਅ ਸਰਕਾਰ ਮੌਕੇ ਇਨ੍ਹਾਂ ਅਧਿਕਾਰਾਂ ਨੂੰ 2021 ਤੱਕ ਵਧਾਏ ਜਾਣ ਜਾਂ ਯੂਰਪੀਅਨ ਲੋਕਾਂ ਨੂੰ ਤਿੰਨ ਕੁ ਮਹੀਨੇ ਤੱਕ ਦਾ ਸਮਾਂ ਦਿੱਤੇ ਜਾਣ ਦੀ ਸੋਚ ਸੀ ਤਾਂ ਕਿ ਉਹ ਯੂ ਕੇ ਵਿੱਚ ਪੱਕੇ ਤੌਰ 'ਤੇ ਰਹਿਣ ਲਈ ਅਰਜ਼ੀ ਦੇ ਸਕਣ। ਇਸ ਵਕਤ ਇਹ ਦੋਵੇਂ ਪ੍ਰਸਤਾਵ ਖਤਮ ਕਰ ਦਿੱਤੇ ਗਏ ਹਨ। ਯੂ ਕੇ ਵਿੱਚ 30 ਲੱਖ ਦੇ ਕਰੀਬ ਯੂਰਪੀਨ ਲੋਕ ਰਹਿੰਦੇ ਹਨ। ਪ੍ਰਧਾਨ ਮੰਤਰੀ ਬੋਰਿਸ ਜੌਹਸਨ ਨੇ ਕਿਹਾ ਹੈ ਕਿ ਯੂ ਕੇ ਇੰਮੀਗ੍ਰੇਸ਼ਨ ਜਾਂ ਪਰਵਾਸੀਆਂ ਦਾ ਵਿਰੋਧੀ ਨਹੀਂ ਹੋਵ-ੇਗਾ, ਪਰ ਯੂ ਕੇ ਇੰਮੀਗ੍ਰੇਸ਼ਨ ਲੋਕਤੰਤਰਿਕ ਢੰਗ ਨਾਲ ਹੋਵੇਗੀ। ਥਰੀ ਮਿਲੀਅਨ ਗਰੁੱਪ, ਜੋ ਯੂਰਪੀਅਨ ਲੋਕਾਂ ਦੇ ਯੂ ਕੇ ਵਿੱਚ ਰਹਿਣ ਦੇ ਅਧਿਕਾਰਾਂ ਦੀ ਮੁਹਿੰਮ ਚਲਾ ਰਿਹਾ ਹੈ, ਨੇ ਕਿਹਾ ਹੈ ਕਿ ਆਜ਼ਾਦੀ ਦਾ ਅੰਤ ਉਨ੍ਹਾਂ ਯੂਰਪੀਨ ਲੋਕਾਂ ਦੇ ਲਈ ਕਾਨੂੰਨੀ ਮੁਸ਼ਕਿਲ ਪੈਦਾ ਕਰੇਗਾ ਜਿਨ੍ਹਾਂ ਨੇ ਅਜੇ ਤੱਕ ਯੂ ਕੇ ਵਿੱਚ ਪੱਕੇ ਤੌਰ 'ਤੇ ਰਹਿਣ ਲਈ ਅਪਲਾਈ ਨਹੀਂ ਕੀਤਾ।

ਗ੍ਰਹਿ ਵਿਭਾਗ ਨੇ ਕਿਹਾ ਹੈ ਕਿ ਯੂਰਪੀਅਨ ਲੋਕਾਂ ਅਤੇ ਉਨ੍ਹਾਂ ਦੇ ਪਰਵਾਰਾਂ ਕੋਲ ਦਸੰਬਰ 2020 ਤੱਕ ਦਾ ਸਮਾਂ ਹੋਵੇਗਾ, ਜਦ ਕਿ 10 ਲੱਖ ਲੋਕ ਪਹਿਲਾਂ ਹੀ ਪੱਕੇ ਤੌਰ 'ਤੇ ਰਹਿਣ ਦਾ ਹੱਕ ਪ੍ਰਾਪਤ ਕਰ ਚੁੱਕੇ ਹਨ।

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca
HiraRandhawa.com
Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

MICHELIN HANKOOK Continental ROADLUX BFGoodrich AEOLUS COMPASAL Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum - Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਬਲੂਓਕ ਸੀਨੀਅਰਜ਼ ਕਲੱਬ ਬਰੈਂਪਟਨ ਨੇ ਭਾਰਤ ਦਾ 73ਵਾਂ ਅਜ਼ਾਦੀ ਦਿਵਸ ਮਨਾਇਆ



